ਵੀਰਵਾਰ
dailylokbani
Email : lokbani08@gmail.com
ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
ਲੋਕ ਬਾਣੀ
ਵੀਰਵਾਰ, 21 ਅਪ੍ਰੈਲ 2022

# ਸਪੈਸ਼ਲ

# ਮਾਨਸਿਕ ਬਿਮਾਰੀਆਂ ਹੁਣ ਲਾਇਲਾਜ ਨਹੀਂ



ਆਧੁਨਿਕਤਾ ਅਤੇ ਤਣਾਅ ਵਿਚ ਸਿੱਧਾ ਸਬੰਧ ਹੈ। ਅੱਜ ਸਮਾਜ ਦਾ ਕੋਈ ਵੀ ਵਰਗ ਤਣਾਅ ਤੋਂ ਮੁਕਤ ਨਹੀਂ ਹੈ। ਉੱਚ ਵਰਗ ਤੋਂ ਲੈ ਕੇ ਹੇਠਲੇ ਵਰਗ ਤੱਕ ਸਾਰੇ ਤਣਾਅਗ੍ਰਸਤ ਹਨ, ਭਾਵੇਂ ਉਨ੍ਹਾਂ ਦੇ ਕਾਰਨ ਵੱਖਰੇ ਹਨ। ਤਣਾਅ ਦਾ ਮੁੱਖ ਕਾਰਨ ਨਜ਼ਰਅੰਦਾਜ਼ ਹੈ ਅਤੇ ਇਹੀ ਇਸ ਤਣਾਅ ਦਾ ਕਾਰਨ ਹੈ।

ਵਿਅਕਤੀ ਦੀ ਜ਼ਿੰਦਗੀ ਵਿਚ ਸੁੱਖ-ਦੁੱਖ, ਉਤਰਾਅ-ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ। ਇਹ ਸੁਭਾਵਿਕ ਵੀ ਹੈ ਪਰ ਇਨ੍ਹਾਂ ਦਾ ਇਕ ਹਫ਼ਤੇ ਤੋਂ ਜ਼ਿਆਦਾ ਬਣੇ ਰਹਿਣਾ ਹਾਨੀਕਾਰਕ ਹੈ। ਤੁਸੀਂ ਇਸ ਨਾਲ ਤਣਾਅ ਦਾ ਸ਼ਿਕਾਰ ਹੋ ਸਕਦੇ ਹੋ। ਅੱਜ ਦੀ ਭੱਜ-ਦੌੜ ਵਾਲੀ ਜੀਵਨ ਸ਼ੈਲੀ ਦੇ ਕਾਰਨ ਹਰ ਪੰਜ ਵਿਚੋਂ ਇਕ ਵਿਅਕਤੀ ਮਾਨਸਿਕ ਰੋਗਾਂ ਤੋਂ ਪੀੜਤ ਹੈ।

ਉਦਾਸੀ ਦੇ ਕਾਰਨਾਂ ਨੂੰ ਜਾਣਦੇ ਹੋਏ ਇਹ ਕਹਿਣਾ ਔਖਾ ਹੁੰਦਾ ਹੈ ਕਿ ਇਹ ਇਕ ਬਿਮਾਰੀ ਹੈ, ਜੋ ਦਿਮਾਗ ਦੇ ਕੁਝ ਰਸਾਇਣਾਂ ਦੀ ਕਮੀ ਨਾਲ ਹੁੰਦੀ ਹੈ ਜਾਂ ਸਿਰਫ ਹਾਲਾਤ ਦੀ ਉਪਜ ਹੈ। ਕਈ ਵਾਰ ਇਕ ਹੀ ਪਰਿਵਾਰ ਵਿਚ ਕਈ ਲੋਕ ਇਸ ਦੇ ਸ਼ਿਕਾਰ ਹੁੰਦੇ ਹਨ। ਆਧੁਨਿਕ ਸਾਧਨਾਂ ਨਾਲ ਪਤਾ ਲੱਗ ਚੁੱਕਾ ਹੈ ਕਿ ਇਹ ਖਾਨਦਾਨੀ ਕਾਰਨ ਕਰਕੇ ਵੀ ਹੁੰਦੀ ਹੈ। ਆਮ ਲੋਕਾਂ ਦੇ ਮੁਕਾਬਲੇ ਖਾਨਦਾਨੀ ਕਾਰਨਾਂ ਨਾਲ ਹੋਣ ਦੀ ਇਸ ਦੀ ਸੰਭਾਵਨਾ ਸੱਤ ਗੁਣਾ ਜ਼ਿਆਦਾ ਹੁੰਦੀ ਹੈ। ਵਿਅਕਤੀ ਦੇ ਬਚਪਨ ਤੋਂ ਲੈ ਕੇ ਵੱਡਾ ਹੋਣ ਤੱਕ ਵਿਅਕਤੀ ਦੇ ਸੁਭਾਅ, ਅਨੁਭਵ, ਪਰਿਵਾਰਕ ਅਤੇ ਸਮਾਜਿਕ ਵਾਤਾਵਰਨ ਦੇ ਵਿਚ ਲਗਾਤਾਰ ਪ੍ਰਤੀਕਿਰਿਆ ਹੁੰਦੀ ਹੈ, ਜਿਸ ਦਾ ਦਿਮਾਗ @ਤੇ ਸਿੱਧਾ ਅਸਰ ਪੈਂਦਾ ਹੈ। ਅਜਿਹਾ ਪ੍ਰਭਾਵ ਪ੍ਰਤੀਕੂਲ ਹੋਣ @ਤੇ ਦਿਮਾਗੀ ਬਿਮਾਰੀਆਂ ਪੈਦਾ ਕਰ ਸਕਦਾ ਹੈ। ਅਜਿਹੀਆਂ ਕੁਝ ਪ੍ਰਸਥਿਤੀਆਂ ਇਸ ਤਰ੍ਹਾਂ ਹਨ-ਬਚਪਨ ਵਿਚ ਮਾਂ-ਬਾਪ ਦੇ ਪਿਆਰ, ਤ੍ਰਿਸਕਾਰ, ਸਖ਼ਤ ਪ੍ਰਤਾੜਨਾ, ਸਮਰੱਥਾ ਤੋਂ ਵੱਧ ਮੁਕਾਬਲੇ, ਤੀਵਰ ਈਰਖਾ ਦੀਆਂ ਭਾਵਨਾਵਾਂ, ਅਨੇਕਾਂ ਤਰ੍ਹਾਂ ਦੀਆਂ ਤਕਲੀਫ਼ਾਂ ਅਤੇ ਬੁਰੇ ਵਿਅਕਤੀ ਨੂੰ ਆਦਰਸ਼ ਮੰਨਣਾ ਆਦਿ। ਇਨ੍ਹਾਂ ਨਾਲ ਕੋਮਲ ਦਿਮਾਗ ਨੂੰ ਠੇਸ ਪਹੁੰਚਦੀ ਹੈ। ਇਨ੍ਹਾਂ ਨਾਲ ਅਨੇਕਾਂ ਤਰ੍ਹਾਂ ਦੀਆਂ ਇੱਛਾਵਾਂ, ਨਿਰਾਸ਼ਾ, ਹੀਣ ਭਾਵਨਾ ਆਦਿ ਪੈਦਾ ਹੋ ਸਕਦੀਆਂ ਹਨ।

ਵੱਡੇ ਹੋਣ @ਤੇ ਉਲਟ ਹਾਲਤਾਂ ਮਾਨਸਿਕ ਰੋਗ ਪੈਦਾ ਕਰਨ ਵਿਚ ਸਹਾਇਕ ਹੁੰਦੀਆਂ ਹਨ, ਜਿਵੇਂ ਤਾਪ, ਤਣਾਅ, ਅਪਰਾਧ, ਘਰੋਂ ਦੌੜ ਜਾਣਾ ਆਦਿ। ਮਨੁੱਖ ਦੇ ਵਿਵਹਾਰ ਨੂੰ ਚੰਗਾ ਜਾਂ ਮਾੜਾ ਬਣਾਉਣ ਅਤੇ ਕਾਬੂ ਕਰਨ ਵਿਚ ਸਮਾਜ, ਸੱਭਿਆਚਾਰ ਅਤੇ ਧਰਮ ਦੀ ਅਹਿਮ ਭੂਮਿਕਾ ਹੁੰਦੀ ਹੈ। ਵਿਅਕਤੀ ਦੇ ਵਿਵਹਾਰ, ਖਾਣ-ਪੀਣ, ਰਹਿਣ-ਸਹਿਣ ਆਦਿ ਨਾਲ ਵੀ ਮਾਨਸਿਕ ਰੋਗ ਪੈਦਾ ਹੋ ਸਕਦੇ ਹਨ।

ਬੇਹੋਸ਼ੀ ਦੇ ਦੌਰੇ ਪੈਣੇ, ਸਾਹ ਫੁੱਲਣਾ, ਦਿਲ ਦਾ ਤੇਜ਼ੀ ਨਾਲ ਧੜਕਣਾ, ਪਸੀਨਾ ਆਉਣਾ, ਵਾਰ-ਵਾਰ ਇਕ ਹੀ ਵਿਚਾਰ ਆਉਣ @ਤੇ ਪ੍ਰੇਸ਼ਾਨ ਹੋਣਾ, ਇਕ ਹੀ ਕੰਮ ਵਾਰ-ਵਾਰ ਕਰਨਾ, ਤਰ੍ਹਾਂ-ਤਰ੍ਹਾਂ ਦੇ ਵਹਿਮ ਕਰਨਾ, ਬੁੱਧੀ ਜਾਂ ਯਾਦਦਾਸ਼ਤ ਦਾ ਘੱਟ ਹੋਣਾ, ਵਿਵਹਾਰ ਜਾਂ ਕਿਰਿਆ-ਕਲਾਪਾਂ ਵਿਚ ਪਰਿਵਰਤਨ, ਚਿੰਤਾਗ੍ਰਸਤ ਰਹਿਣਾ ਆਦਿ ਲੱਛਣ ਮਾਨਸਿਕ ਤਣਾਅ ਦੇ ਹੋ ਸਕਦੇ ਹਨ।


ਖੁਦ ਦੇਖਭਾਲ ਕਿਵੇਂ ਕਰੀਏ

ਇਸ ਵਿਚ ਹੇਠ ਲਿਖੀਆਂ ਗੱਲਾਂ ਪ੍ਰਮੁੱਖ ਹਨ :

* ਗੱਲਾਂ ਨੂੰ ਮਨ ਵਿਚ ਨਾ ਰੱਖੋ। ਜੇ ਕੋਈ ਬੁਰੀ ਖ਼ਬਰ ਮਿਲੀ ਹੈ ਜਾਂ ਜੀਵਨ ਵਿਚ ਕੋਈ ਵਿਸ਼ੇਸ਼ ਘਟਨਾ ਘਟੀ ਹੈ ਤਾਂ ਉਸ ਨੂੰ ਮਨ ਵਿਚ ਦਬਾਅ ਕੇ ਨਹੀਂ ਰੱਖਣਾ ਚਾਹੀਦਾ, ਸਗੋਂ ਉਸ ਨੂੰ ਦੋਸਤਾਂ-ਮਿੱਤਰਾਂ ਜਾਂ ਨੇੜਲੇ ਲੋਕਾਂ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ।
* ਦੁੱਖਾਂ-ਤਕਲੀਫਾਂ ਨੂੰ ਮਨ ਵਿਚ ਦਬਾ ਕੇ ਰੱਖਣ ਦੀ ਗੱਲ ਨਹੀਂ ਸੋਚਣੀ ਚਾਹੀਦੀ।
* ਆਪਣੇ-ਆਪ ਨੂੰ ਕਮਰੇ ਵਿਚ ਬੰਦ ਨਹੀਂ ਰੱਖਣਾ ਚਾਹੀਦਾ। ਖੁੱਲ੍ਹੇ ਵਾਤਾਵਰਨ ਵਿਚ ਘੁੰਮਣਾ ਚਾਹੀਦਾ। ਕੁਝ ਕਸਰਤ ਵੀ ਕਰਨੀ ਚਾਹੀਦੀ ਹੈ।
* ਸੰਤੁਲਤ ਅਤੇ ਸਿਹਤਦਾਇਕ ਭੋਜਨ ਖਾਣਾ ਚਾਹੀਦਾ ਹੈ।
* ਅਜਿਹੀ ਹਾਲਤ ਵਿਚ ਮਨੋਚਿਕਿਤਸਕ, ਮਨੋਵਿਗਿਆਨੀ ਜਾਂ ਸਲਾਹਕਾਰ ਨੂੰ ਮਿਲ ਕੇ ਮਾਨਸਿਕ ਦਬਾਅ ਦੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਹਾਲਾਤ ਦੇ ਵਿਸ਼ੇ ਵਿਚ ਸਲਾਹ ਲੈਣੀ ਚਾਹੀਦੀ ਹੈ।

ਮਾਨਸਿਕ ਦਬਾਅ ਦੀ ਸਥਿਤੀ ਵਿਚ ਕੀ ਕਰਨਾ ਚਾਹੀਦਾ :

ਤੁਹਾਡਾ ਦਰਦ ਇਸ ਸਮੇਂ ਏਨਾ ਜ਼ਿਆਦਾ ਹੈ ਕਿ ਲਗਦਾ ਹੀ ਨਹੀਂ ਹੈ ਕਿ ਭਵਿੱਖ ਵਿਚ ਠੀਕ ਹੋ ਸਕੇਗਾ। ਇਕੱਲੇਪਨ ਦਾ ਅਹਿਸਾਸ ਅਤੇ ਦੌੜ ਜਾਣ ਦੀ ਇੱਛਾ ਅਜਿਹੀਆਂ ਸਚਾਈਆਂ ਹਨ, ਜਿਨ੍ਹਾਂ ਨਾਲ ਤੁਹਾਨੂੰ ਪ੍ਰੇਸ਼ਾਨੀ ਹੋਵੇਗੀ ਪਰ ਇਹ ਹਮੇਸ਼ਾ ਤੁਹਾਡੇ @ਤੇ ਭਾਰ ਬਣ ਕੇ ਨਹੀਂ ਰਹਿਣਗੀਆਂ। ਤੁਹਾਡੀ ਨਿਰਾਸ਼ਾ ਆਸ਼ਾ ਵਿਚ ਬਦਲ ਜਾਵੇਗੀ, ਜਦੋਂ ਤੁਸੀਂ ਇਸ ਸਚਾਈ ਨੂੰ ਸਵੀਕਾਰਦੇ ਹੋ ਕਿ ਅੱਜ ਦੀ ਪ੍ਰੇਸ਼ਾਨੀ ਦੂਰ ਹੋਵੇਗੀ ਅਤੇ ਕੱਲ੍ਹ ਸਾਡੀ ਹਾਲਤ ਠੀਕ ਹੋ ਜਾਵੇਗੀ।



ਰੋਜਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ
ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼


# ਲੋਕ ਬਾਣੀ

Email : lokbani08@gmail.com
ਵੀਰਵਾਰ, 21 ਅਪ੍ਰੈਲ 2022
ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ
ਵਪਾਰ ਵਧਾਓ
ਰੋਜਾਨਾ ਲੋਕ
ਬਾਣੀ
ਅਖਬਾਰ ਵਿਚ
ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 406 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਨਿਊਜ਼ੀਲੈਂਡ ’ਚ ਕੋਰੋਨਾ ਵਿਸਫੋਟ



**ਵੈਲਿੰਗਟਨ/ਲੋਕ ਬਾਣੀ**

ਨਿਊਜ਼ੀਲੈਂਡ ਵਿੱਚ ਬੁੱਧਵਾਰ ਨੂੰ ਕੋਵਿਡ-19 ਦੇ 11,217 ਨਵੇਂ ਭਾਈਚਾਰਕ ਮਾਮਲੇ ਦਰਜ ਕੀਤੇ ਗਏ। ਦੇਸ਼ ਦੇ ਸਿਹਤ ਮੰਤਰਾਲੇ ਨੇ ਇੱਕ ਬਿਆਨ ਵਿੱਚ ਇਹ ਜਾਣਕਾਰੀ ਦਿੱਤੀ।ਮੰਤਰਾਲੇ ਦੇ ਅਨੁਸਾਰ ਨਵੇਂ ਭਾਈਚਾਰਕ ਲਾਗਾਂ ਵਿੱਚੋਂ, 762 ਸਭ ਤੋਂ ਵੱਡੇ ਸ਼ਹਿਰ ਆਕਲੈਂਡ ਵਿੱਚ ਪਾਏ ਗਏ ਸਨ।

ਮੰਤਰਾਲੇ ਨੇ ਕਿਹਾ ਕਿ ਇਸ ਤੋਂ ਇਲਾਵਾ ਨਿਊਜ਼ੀਲੈਂਡ ਦੀ ਸਰਹੱਦ @ਤੇ ਕੋਵਿਡ-19 ਦੇ 60 ਨਵੇਂ ਮਾਮਲੇ ਸਾਹਮਣੇ ਆਏ ।ਵਰਤਮਾਨ ਵਿੱਚ, 547 ਮਰੀਜ਼ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ, ਜਿਨ੍ਹਾਂ ਵਿੱਚੋਂ 14 ਇੰਟੈਂਸਿਵ ਕੇਅਰ ਯੂਨਿਟਾਂ ਵਿੱਚ ਸ਼ਾਮਲ ਹਨ। ਮੰਤਰਾਲੇ ਨੇ ਕੋਵਿਡ-19 ਤੋਂ 19 ਹੋਰ ਮੌਤਾਂ ਦੀ ਵੀ ਰਿਪੋਰਟ ਕੀਤੀ ਹੈ।

## ਨਿਊਜ਼ੀਲੈਂਡ ’ਚ 568 ਧੋਖਾਧੜੀ ਮਾਮਲੇ

### ਲੋਕਾਂ ਗਵਾਏ 59 ਲੱਖ ਡਾਲਰ



**ਔਕਲੈਂਡ/ਲੋਕ ਬਾਣੀ:-** ਜਿਵੇਂ-ਜਿਵੇਂ ਮਨੁੱਖ ਆਧੁਨਿਕ ਹੋ ਰਿਹਾ ਹੈ, ਉਵੇਂ-ਉਵੇਂ ਚਲਾਕੀਆਂ, ਸ਼ੈਤਾਨੀਆਂ, ਘਪਲੇਬਾਜੀ ਅਤੇ ਧੋਖਾਧੜੀ ਦੇ ਨਵੇਂ-ਨਵੇਂ ਢੰਗ ਵੀ ਸਿੱਖ ਰਿਹਾ ਹੈ। ਵਿਕਸਤ ਮੁਲਕਾਂ ਦੇ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਮੰਤਰਾਲੇ ਤੱਕ ਬਣੇ ਹਨ, ਪਰ ਰਿਮੋਟ ਏਰੀਏ ਵਾਲੇ ਕਿੱਥੇ ਪਕੜ ਵਿਚ ਆਉਂਦੇ ਹਨ। ਨਿਊਜ਼ੀਲੈਂਡ ਦੇ ਵਿਚ ਹਰ ਸਾਲ ‘ਸਕੈਮ ਅਤੇ ਫਰਾਡ’ ਦੀਆਂ ਘਟਨਾਵਾਂ ਦੇ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। 2022 ਦੇ ਪਹਿਲੀ ਤਿਮਾਹੀ ਦੇ ਵਿਚ ਹੀ ਧੋਖਾਧੜੀ ਕਰਨ ਵਾਲੇ ਚੋਰਾਂ ਨੇ ਪੂਰੀ ਸਪੀਡ ਫੜ ਲਈ ਹੈ। ਤਿੰਨ ਮਹੀਨਿਆਂ ਦੇ ਵਿਚ 568 ਕੇਸ ਦਰਜ ਕੀਤੇ ਗਏ ਹਨ ਅਤੇ 59 ਲੱਖ ਡਾਲਰ ਲੋਕ ਹੁਣ ਤੱਕ ਗਵਾ ਚੁੱਕੇ ਹਨ। ਇਹ ਵਾਧਾ 269% ਤੱਕ ਹੋ ਗਿਆ ਹੈ। ਪਿਛਲੇ ਸਾਲ ਕੁੱਲ 8331 ਕੇਸ ਦਰਜ ਕੀਤੇ ਗਏ ਸਨ ਅਤੇ 2020 ਤੋਂ ਇਹ 6.7% ਤੱਕ ਦਾ ਵਾਧਾ ਸੀ। 2021 ਦੇ ਵਿਚ ਲੋਕਾਂ ਨੇ 16.8 ਮਿਲੀਅਨ ਡਾਲਰ ਗਵਾਏ ਸਨ।ਕਿਸੇ ਦੀ ਮਿਹਨਤ ਕੋਈ ਹੋਰ ਸ਼ਰੇਆਮ ਲਿਜਾ ਰਿਹਾ ਹੈ। ਸਾਈਬਰ ਸਕਿਉਰਿਟੀ ਖਤਰੇ ਵਿਚ ਹੈ ਅਤੇ ਸਾਈਬਰ ਧੋਖਾਧੜੀ ਵਾਲੇ ਲਗਪਗ ਹਰ ਦਰਵਾਜ਼ੇ ਤੱਕ ਪਹੁੰਚ ਕਰ ਰਹੇ ਹਨ।



## ਪੋਲੈਂਡ : ਕੋਲੇ ਦੀ ਖਾਨ ’ਚ ਧਮਾਕਾ

**ਵਾਰਸਾ/ਲੋਕ ਬਾਣੀ-** ਦੱਖਣੀ ਪੋਲੈਂਡ ਵਿੱਚ ਇੱਕ ਕੋਲੇ ਦੀ ਖਾਨ ਵਿੱਚ ਮੀਥੇਨ ਧਮਾਕੇ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 19 ਲੋਕ ਜ਼ਖਮੀ ਹੋ ਗਏ ਅਤੇ ਸੱਤ ਹੋਰ ਲਾਪਤਾ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਹ ਧਮਾਕਾ ਸਥਾਨਕ ਸਮੇਂ ਅਨੁਸਾਰ ਮੰਗਲਵਾਰ ਦੇਰ ਰਾਤ 12:15 ਵਜੇ ਪਾਵਲੋਵਿਸ ਵਿੱਚ ਪੈਨੀਓਵੇਕ ਖਾਨ ਵਿੱਚ ਹੋਇਆ, ਜੋ ਜੇਐਸਡਬਲਯੂ ਮਾਈਨਿੰਗ ਕੰਪਨੀ ਦੁਆਰਾ ਸੰਚਾਲਿਤ ਹੈ। ਜੇਐਸਡਬਲਯੂ ਦੇ ਅਧਿਕਾਰੀਆਂ ਨੇ ਦੱਸਿਆ ਕਿ ਅੱਗ ਕਾਰਨ ਬਚਾਅ ਕਾਰਜ ਰੱਦ ਕਰਨਾ ਪਿਆ।

## ਨੌਜਵਾਨ ਦਾ ਗੋਲੀ ਮਾਰ ਕੇ ਕੀਤਾ ਕਤਲ

**ਅਜੀਤਵਾਲ/ਲੋਕ ਬਾਣੀ:-** ਮਹਿਣਾ ਥਾਣਾ ਅਧੀਨ ਬਹੋਨਾ ਪੱਤੀ ਮੁੱਹਬਤ ਲਿੰਕ ਸੜਕ @ਤੇ ਦੁਪਹਿਰ 2 ਵਜੇ ਦੇ ਕਰੀਬ ਅਣਪਛਾਤਿਆਂ ਵਲੋਂ ਗੋਲੀ ਮਾਰ ਕੇ ਇਕ ਨੌਜਵਾਨ ਦਾ ਕਤਲ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਘਟਨਾ ਦਾ ਪਤਾ ਚੱਲਦਿਆਂ ਹੀ ਡਿਪਟੀ ਮਨਜੀਤ ਸਿੰਘ ਅਤੇ ਥਾਣਾ ਮੁਖੀ ਲਛਮਣ ਸਿੰਘ ਪੁਲਿਸ ਪਾਰਟੀ ਸਮੇਤ ਪਹੁੰਚੇ। ਮ੍ਰਿਤਕ ਦੀ ਪਛਾਣ ਜਸਵਿੰਦਰ ਸਿੰਘ ਜੱਸੂ ਵਾਸੀ ਕੋਕਰੀ ਕਲਾਂ ਵਜੋਂ ਹੋਈ ਹੈ। ਇਸ ਨੌਜਵਾਨ ਤੋਂ ਪਿਛਲੇ ਸਾਲ ਇਕ ਮੁਕੱਦਮੇ @ਚ ਤਿੰਨ ਮਹਿੰਗੇ ਪਿਸਤੌਲ ਬਰਾਮਦ ਹੋਏ ਸਨ। ਮਹਿਣਾ ਪੁਲਿਸ ਨੇ ਲਾਸ਼ ਕਬਜ਼ੇ @ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਨੁਸਾਰ ਇਸ ਦਾ ਸੰਬੰਧ ਅਰਸ਼ਦੀਪ ਸਿੰਘ ਡਾਲਾ ਨਾਲ ਹੈ।

## ਦਿੱਲੀ: ਸੁਪਰੀਮ ਕੋਰਟ ਨੇ ਜਹਾਂਗੀਰਪੁਰੀ ’ਚ ਨਾਜਾਇਜ਼ ਕਬਜ਼ੇ ਢਾਹੁਣ ਦੀ ਮੁਹਿੰਮ ਰੋਕੀ



**ਨਵੀਂ ਦਿੱਲੀ/ਲੋਕ ਬਾਣੀ**

ਸੁਪਰੀਮ ਕੋਰਟ ਨੇ ਦਿੱਲੀ ਦੇ ਹਿੰਸਾ ਪ੍ਰਭਾਵਿਤ ਜਹਾਂਗੀਰਪੁਰੀ ਖੇਤਰ ਵਿੱਚ ਅਧਿਕਾਰੀਆਂ ਵੱਲੋਂ ਚਲਾਈ ਜਾ ਰਹੀ ਨਾਜਾਇਜ਼ ਕਬਜ਼ੇ ਹਟਾਊ ਮੁਹਿੰਮ ਨੂੰ ਰੋਕ ਦਿੱਤਾ ਹੈ ਅਤੇ ਦੰਗਾ ਦੇ ਮੁਲਜ਼ਮਾਂ ਵਿਰੁੱਧ ਕਥਿਤ ਤੌਰ @ਤੇ ਨਗਰ ਨਿਗਮਾਂ ਦੀ ਕਾਰਵਾਈ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ @ਤੇ ਸੁਣਵਾਈ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਚੀਫ਼ ਜਸਟਿਸ ਐੱਨਵੀ ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਮੌਜੂਦਾ ਸਥਿਤੀ ਨੂੰ ਸਥਿਤੀ ਜਿਉਂ ਦੀ ਤਿਉਂ ਰੱਖਣ ਦਾ ਹੁਕਮ ਦਿੰਦਿਆਂ ਕਿਹਾ ਕਿ ਪਟੀਸ਼ਨ ਨੂੰ ਕਿਸੇ ਢੁਕਵੇਂ ਬੈਂਚ ਅੱਗੇ ਸੂਚੀਬੱਧ ਕੀਤਾ ਜਾਵੇਗਾ।

## ਰੂਪਨਗਰ ’ਚ ਕੁਮਾਰ ਵਿਸ਼ਵਾਸ ਤੇ ਅਲਕਾ ਲਾਂਬਾ ਖ਼ਿਲਾਫ਼ ਕੇਸ ਦਰਜ

**ਰੂਪਨਗਰ/ਲੋਕ ਬਾਣੀ**

ਰੂਪਨਗਰ ਪੁਲੀਸ ਨੇ ਕਵੀ ਕੁਮਾਰ ਵਿਸ਼ਵਾਸ ਅਤੇ ਕਾਂਗਰਸੀ ਨੇਤਾ ਅਲਕਾ ਲਾਂਬਾ ਖ਼ਿਲਾਫ਼ ਥਾਣਾ ਸਦਰ ਰੂਪਨਗਰ ਵਿਖੇ ਦਰਜ ਕੀਤੇ ਕੇਸ ਦੇ ਸਬੰਧ ਵਿੱਚ ਸਬੂਤਾਂ ਸਹਿਤ ਆਪਣਾ ਸਪੱਸ਼ਟੀਕਰਨ ਦੇਣ ਲਈ ਨੋਟਿਸ ਭੇਜਿਆ ਗਿਆ ਹੈ। ਇਸ ਸਬੰਧੀ ਐੱਸਪੀ (ਆਰ) ਰੂਪਨਗਰ ਹਰਬੀਰ ਸਿੰਘ ਅਟਵਾਲ ਨੇ ਦੱਸਿਆ ਕਿ ਪੁਲੀਸ ਨੂੰ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਜਦੋਂ ਉਹ ਆਪਣੇ ਆਮ ਆਦਮੀ ਪਾਰਟੀ ਦੇ ਸਮਰਥਕਾਂ ਨਾਲ ਪਿੰਡਾਂ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ



ਲਈ ਘੁੰਮ ਰਿਹਾ ਸੀ ਤਾਂ ਕੁਝ ਅਣਪਛਾਤੇ ਨਕਾਬਪੋਸ਼ ਵਿਅਕਤੀਆਂ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਉਨ੍ਹਾਂ ਨੂੰ ਖ਼ਾਲਿਸਤਾਨੀ ਕਿਹਾ।

## 80 ਏਕੜ ਤੋਂ ਵਧ ਕਣਕ ਦਾ ਨਾੜ ਸੜ ਕੇ ਸੁਆਹ

**ਦਿੜ੍ਹਬਾ ਮੰਡੀ/ਲੋਕ ਬਾਣੀ:-** ਪਿੰਡ ਜਨਾਲ ਵਿਖੇ ਦਿੜ੍ਹਬਾ ਰੋਡ ਨੇੜੇ ਕਣਕ ਦੇ ਨਾੜ ਨੂੰ ਅੱਗ ਲੱਗਣ ਕਾਰਨ 80 ਤੋਂ 90 ਏਕੜ ਨਾੜ ਸੜ ਕੇ ਸੁਆਹ ਹੋ ਗਿਆ। ਦਿੜ੍ਹਬਾ ਤੋਂ ਪੁੱਜੀ ਫਾਇਰ ਬ੍ਰਿਗੇਡ ਅਤੇ ਪਿੰਡ ਦੇ ਲੋਕਾਂ ਨੇ ਕਰੀਬ ਦੋ ਘੰਟੇ @ਚ ਅੱਗ ’ਤੇ ਕਾਬੂ ਪਾਇਆ। ਅੱਗ ਨਾਲ ਵੱਖ-ਵੱਖ ਕਿਸਾਨਾਂ ਦੀ ਖੇਤ @ਚ ਖੜੀ ਤੂੜੀ ਬਣਾਉਣ ਵਾਲੀ ਨਾੜ ਸੜ ਕੇ ਸੁਆਹ ਹੋ ਗਈ। ਅੱਗ ਲੱਗਣ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਕਾਨੂੰਨਗੋ ਦਵਿੰਦਰਪਾਲ ਸਿੰਘ ਰਿੰਪੀ ਨੇ ਦੱਸਿਆ ਕਿ ਅੱਗ ਲੱਗਣ ਦੇ ਨੁਕਸਾਨ ਦੀ ਰਿਪੋਰਟ ਬਣਾ ਕੇ ਉੱਚ ਅਧਿਕਾਰੀਆਂ ਨੂੰ ਭੇਜੀ ਜਾ ਰਹੀ ਹੈ। 80 ਤੋਂ 90 ਏਕੜ ਨਾੜ ਅੱਗ ਨਾਲ ਸੜ ਗਈ ਹੈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਬੁਲਡੋਜ਼ਰ ਨਾਲ ਮਕਾਨ ਨਹੀਂ, ਸੰਵਿਧਾਨ ਢਹਿ-ਢੇਰੀ ਹੋ ਰਿਹੈ: ਰਾਹੁਲ



**ਨਵੀਂ ਦਿੱਲੀ/ਲੋਕ ਬਾਣੀ**

ਕਾਂਗਰਸ ਨੇ ਦਿੱਲੀ ਦੇ ਹਿੰਸਾ ਪ੍ਰਭਾਵਿਤ ਇਲਾਕੇ ਜਹਾਂਗੀਰਪੁਰੀ 'ਚ ਬੁਲਡੋਜ਼ਰ ਚਲਾਏ ਜਾਣ ਨੂੰ ਲੈ ਕੇ ਬੁੱਧਵਾਰ ਨੂੰ ਦੋਸ਼ ਲਾਇਆ ਕਿ ਬੁਲਡੋਜ਼ਰ ਨਾਲ ਮਕਾਨ ਨਹੀਂ, ਸਗੋਂ ਦੇਸ਼ ਦੇ ਸੰਵਿਧਾਨ ਨੂੰ ਢਹਿ-ਢੇਰੀ ਕੀਤਾ ਜਾ ਰਿਹਾ ਹੈ। ਭਾਜਪਾ ਨੂੰ ਆਪਣੇ ਦਿਲ 'ਚ ਬੈਠੀ ਨਫ਼ਰਤ ਨੂੰ ਢਹਿ-ਢੇਰੀ ਕਰਨਾ ਚਾਹੀਦਾ ਹੈ। ਰਾਹੁਲ ਗਾਂਧੀ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਾਲਾ ਪੰਨਾ ਅਤੇ ਇਕ ਬੁਲਡੋਜ਼ਰ ਦੀ ਤਸਵੀਰ ਸਾਂਝਾ ਕਰਦੇ ਹੋਏ ਟਵੀਟ ਕੀਤਾ, "ਇਹ ਭਾਰਤ ਦੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਢਹਿ-ਢੇਰੀ ਕੀਤਾ ਗਿਆ ਹੈ। ਗਰੀਬਾਂ ਅਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਭਾਜਪਾ ਨੂੰ ਇਨ੍ਹਾਂ ਸਭ ਦੀ ਬਜਾਏ ਆਪਣੇ ਦਿਲ 'ਚ ਬੈਠੀ ਨਫ਼ਰਤ ਨੂੰ ਢਹਿ-ਢੇਰੀ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਰਾਹੁਲ ਨੇ ਉਸ ਖ਼ਬਰ ਨੂੰ ਸਾਂਝਾ ਕਰਦੇ ਹੋਏ ਦੇਸ਼ 'ਚ ਕੋਲੇ ਦੀ ਕਮੀ ਹੋਣ ਦਾ ਮੁੱਦਾ ਚੁੱਕਿਆ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਊਰਜਾ ਪਲਾਂਟਾਂ 'ਚ ਕੋਲੇ ਦਾ ਭੰਡਾਰ ਘੱਟ ਹੋ ਗਿਆ ਹੈ। ਕਾਂਗਰਸ ਨੇਤਾ ਨੇ ਟਵੀਟ ਕੀਤਾ, "8 ਸਾਲ ਵਿਚ ਵੱਡੀਆਂ-ਵੱਡੀਆਂ ਗੱਲਾਂ ਕਰਨ ਦਾ ਨਤੀਜਾ ਹੈ ਕਿ ਸਿਰਫ਼ 8 ਦਿਨਾਂ ਦਾ ਕੋਲਾ ਭੰਡਾਰ ਬਚਿਆ ਹੈ। ਰਾਹੁਲ ਨੇ ਕਿਹਾ ਕਿ ਮੋਦੀ ਜੀ, ਮੰਦੀ ਨੇੜੇ ਹੈ। ਬਿਜਲੀ ਦੀ ਕਟੌਤੀ ਨਾਲ ਛੋਟੇ ਉਦਯੋਗ ਖਤਮ ਹੋ ਜਾਣਗੇ।"



# ਨਹਿਰ 'ਚ ਡੁੱਬਣ ਕਾਰਨ 4 ਵਿਦਿਆਰਥਣਾਂ ਦੀ ਹੋਈ ਮੌਤ

**ਖੰਡਵਾ/ਲੋਕ ਬਾਣੀ**

ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲੇ 'ਚ ਧਾਰਮਿਕ ਨੇਤਾ ਸਾਧਵੀ ਰਿਤੰਭਰਾ ਵੱਲੋਂ ਚਲਾਏ ਜਾ ਰਹੇ ਇਕ ਰਿਹਾਇਸ਼ੀ ਆਸ਼ਰਮ ਸਕੂਲ 'ਚ ਪੜਣ ਵਾਲੀਆਂ 4 ਲੜਕੀਆਂ ਬੁੱਧਵਾਰ ਨੂੰ ਨਹਿਰ 'ਚ ਡੁੱਬ ਗਈਆਂ। ਪੁਲਸ ਨੇ ਦੱਸਿਆ ਕਿ ਘਟਨਾ ਮਾਂਧਾਤਾ (ਓਂਕਾਰੇਸ਼ਵਰ) ਥਾਣਾ ਖੇਤਰ ਦੇ ਕੋਠੀ ਪਿੰਡ 'ਚ ਸਵੇਰੇ ਹੋਈ। ਉਨ੍ਹਾਂ ਕਿਹਾ ਕਿ ਲੜਕੀਆਂ 10 ਤੋਂ 11 ਸਾਲ ਦੀ ਉਮਰ ਵਰਗ ਦੀਆਂ ਸਨ ਅਤੇ ਉਹ ਸਾਰੀਆਂ ਪੰਜਵੀਂ ਜਮਾਤ ਦੀਆਂ ਵਿਦਿਆਰਥਣਾਂ ਸਨ ਅਤੇ ਸਾਧਵੀ ਰਿਤੰਭਰਾ ਵੱਲੋਂ ਚਲਾਏ ਜਾ ਰਹੇ ਆਸ਼ਰਮ 'ਚ ਰਹਿੰਦੀਆਂ ਸਨ।

ਮਾਂਧਾਤਾ ਥਾਣੇ ਦੇ ਮੁਖੀ ਬਲਰਾਮ ਸਿੰਘ ਨੇ ਦੱਸਿਆ ਕਿ ਲੜ ?ਕੀਆਂ ਨਹਾਉਣ ਲਈ ਨਹਿਰ 'ਚ ਗਈਆਂ ਸਨ, ਉਦੋਂ ਉਨ੍ਹਾਂ 'ਚੋਂ ਇਕ ਡੁੱਬਣ ਲੱਗੀ ਅਤੇ ਹੋਰ ਲੜਕੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਉਹ ਸਾਰੀਆਂ ਡੁੱਬ ਗਈਆਂ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਵੈਸ਼ਾਲੀ, ਪ੍ਰਤਿਗਿਆ, ਦਿਵਿਆਂਸ਼ੀ ਅਤੇ ਅੰਜਨਾ ਦੇ ਰੂਪ 'ਚ ਹੋਈ ਹੈ, ਜੋ ਖਰਗੋਨ ਜ਼ਿਲੇ ਦੀਆਂ ਰਹਿਣ ਵਾਲੀਆਂ ਸਨ। ਉਨ੍ਹਾਂ ਦੱਸਿਆ ਕਿ ਪੁਲਸ ਨੇ ਲਾਸ਼ਾਂ ਨੂੰ ਨਹਿਰ 'ਚੋਂ ਕੱਢ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

# ਸ਼੍ਰੀਲੰਕਾ 'ਚ ਪੁਲਸ ਨੇ ਪ੍ਰਦਰਸ਼ਨਕਾਰੀਆਂ 'ਤੇ ਚਲਾਈਆਂ ਗੋਲ਼ੀਆਂ, ਇਕ ਦੀ ਮੌਤ

**ਕੋਲੰਬੋ/ਲੋਕ ਬਾਣੀ**

ਸ਼੍ਰੀਲੰਕਾ ਦੇ ਦੱਖਣੀ ਪੱਛਮੀ ਖੇਤਰ ਰਾਮਬੁੱਕਾਨਾ ਖੇਤਰ 'ਚ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਲਈ ਪੁਲਸ ਨੇ ਮੰਗਲਵਾਰ ਗੋਲ਼ੀਆਂ ਚਲਾਈਆਂ, ਜਿਸ 'ਚ ਘੱਟ ਤੋਂ ਘੱਟ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 12 ਲੋਕ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ ਹੈ। ਇਥੇ ਦੱਸ ਦੇਈਏ ਕਿ ਪ੍ਰਦਰਸ਼ਨਕਾਰੀ ਸਥਾਨਕ ਹਾਲ 'ਚ ਈਂਧਨ ਦੇ ਮੁੱਲ 'ਚ ਵਾਧੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਸਨ। ਬੀਤੇ ਦਿਨ ਵੱਡੀ ਗਿਣਤੀ 'ਚ ਪ੍ਰਦਰਸ਼ਨਕਾਰੀ ਸੜਕਾਂ ਅਤੇ ਜਨਤਕ ਥਾਵਾਂ 'ਤੇ ਇਕੱਠੇ ਹੋ ਗਏ। ਪ੍ਰਦਰਸ਼ਨ ਦੇਰ ਰਾਤ ਤੱਕ ਚੱਲਿਆ।



ਪੁਲਸ ਨੇ ਦੱਸਿਆ ਕਿ ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਰਾਮਬੁੱਕਾਨਾ 'ਚ ਰੇਲਵੇ ਪਟੜੀ ਨੂੰ ਵੀ ਨੁਕਸਾਨ ਪਹੁੰਚਾਇਆ ਅਤੇ ਜਦੋਂ ਰੇਲ ਮਾਰਗ ਖਾਲੀ ਕਰਨ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਪੁਲਸ ਕਰਮਚਾਰੀਆਂ 'ਤੇ ਪਥਰਾਅ ਕੀਤਾ। ਪੁਲਸ ਦੇ ਬੁਲਾਰੇ ਨਿਹਾਲ ਥਾਲਡੁੱਵਾ ਨੇ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਖੇਤਰ ਛੱਡਣ ਦੀ ਚਿਤਾਵਨੀ ਜਾਰੀ ਕੀਤੀ ਪਰ ਪ੍ਰਦਰਸ਼ਨਕਾਰੀਆਂ ਨੇ ਇਕ ਈਂਧਨ ਟੈਂਕਰ ਅਤੇ ਤਿਪਹੀਆ ਵਾਹਨ 'ਚ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਜਾਇਦਾਦ ਨੂੰ ਨੁਕਸਾਨ ਪਹੁੰਚਿਆ। ਉਨ੍ਹਾਂ ਕਿਹਾ ਕਿ ਉਸ ਦੇ ਬਾਅਦ ਸਥਿਤੀ ਨੂੰ ਕੰਟਰੋਲ ਕਰਨ ਲਈ ਪੁਲਸ ਨੇ ਗੋਲ਼ੀਆਂ ਚਲਾਈਆਂ ਅਤੇ ਉਸ ਤੋਂ ਪਹਿਲਾਂ ਹੰਝੂ ਗੈਸ ਦੇ ਗੋਲੇ ਛੱਡੇ। ਇਸ ਕਾਰਵਾਈ 'ਚ ਘੱਟ ਤੋਂ ਘੱਟ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 12 ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਚਾਰ ਦੀ ਹਾਲਤ ਗੰਭੀਰ ਬਣੀ ਹੋਈ ਹੈ।

# ਸਰਕਾਰ ਨੇ ਜੈਸ਼ ਦੇ ਕਮਾਂਡਰ ਨੇਂਗਰੂ ਨੂੰ ਅੱਤਵਾਦੀ ਐਲਾਨਿਆ



**ਨਵੀਂ ਦਿੱਲੀ/ਲੋਕ ਬਾਣੀ:-** ਕੇਂਦਰ ਸਰਕਾਰ ਨੇ ਅੱਤਵਾਦ 'ਤੇ ਭਾਰੀ ਸੱਟ ਮਾਰੀ ਹੈ। ਕੇਂਦਰੀ ਗ੍ਰਹਿ ਮੰਤਰਾਲਾ ਨੇ ਸਖਤ ਹੁਕਮ ਦਿੰਦੇ ਹੋਏ ਜੈਸ਼-ਏ-ਮੁਹੰਮਦ ਦੇ ਮੈਂਬਰ ਆਸ਼ਿਕ ਅਹਿਮਦ ਨੇਂਗਰੂ ਨੂੰ ਅੱਤਵਾਦੀ ਐਲਾਨ ਦਿੱਤਾ ਹੈ। ਆਸ਼ਿਕ ਅਹਿਮਦ ਨੇਂਗਰੂ ਜੈਸ਼-ਏ-ਮੁਹੰਮਦ ਦਾ ਖਤਰਨਾਕ ਕਮਾਂਡਰ ਹੈ। ਦੱਸਿਆ ਜਾਂਦਾ ਹੈ ਕਿ ਪੁਲਵਾਮਾ ਹਮਲੇ ਦੇ ਸਾਜ਼ਿਸ਼ਕਰਤਿਆਂ 'ਚ ਇਹ ਵੀ ਸ਼ਾਮਲ ਸੀ। ਇਸ ਦੇ ਜੰਮੂ-ਕਸ਼ਮੀਰ 'ਚ ਵੱਖ-ਵੱਖ ਅੱਤਵਾਦੀ ਘਟਨਾਵਾਂ 'ਚ ਸ਼ਾਮਲ ਹੋਣ ਦੇ ਸਬੂਤ ਵੀ ਮਿਲੇ ਹਨ।

ਕੇਂਦਰੀ ਗ੍ਰਹਿ ਮੰਤਰਾਲਾ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਆਸ਼ਿਕ ਅਹਿਮਦ ਨੇਂਗਰੂ ਜੰਮੂ-ਕਸ਼ਮੀਰ 'ਚ ਅੱਤਵਾਦੀਆਂ ਦੀ ਘੁਸਪੈਠ ਕਰਾਉਣ 'ਚ ਸ਼ਾਮਲ ਹੈ। ਇਹ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਅੱਤਵਾਦੀ ਹਮਲੇ ਦੀਆਂ ਕਈ ਘਟਨਾਵਾਂ ਦਾ ਵੀ ਜ਼ਿੰਮੇਵਾਰ ਹੈ। ਮੰਤਰਾਲਾ ਨੇ ਇਹ ਵੀ ਕਿਹਾ ਹੈ ਕਿ ਨੇਂਗਰੂ ਕਸ਼ਮੀਰ 'ਚ ਇਕ ਅੱਤਵਾਦੀ ਸਿੰਡੀਕੇਟ ਵੀ ਚਲਾ ਰਿਹਾ ਹੈ। ਮੌਜੂਦਾ ਸਮੇਂ 'ਚ ਉਹ ਜੰਮੂ-ਕਸ਼ਮੀਰ 'ਚ ਕਾਇਮ ਕੀਤੀ ਗਈ ਸ਼ਾਂਤੀ ਨੂੰ ਭੰਗ ਕਰਨ ਲਈ ਅੱਤਵਾਦੀ ਹਮਲਿਆਂ ਨੂੰ ਅੰਜਾਮ ਦੇਣ ਦੇ ਖਤਰਨਾਕ ਮੁਹਿੰਮ 'ਚ ਲੱਗਾ ਹੋਇਆ ਹੈ।

# ਚੀਨ ਦੀ ਖੁਫੀਆ ਜਾਣਕਾਰੀ ਅਤੇ ਤਸਵੀਰਾਂ ਵੇਚਣ ਵਾਲੇ ਚੀਨੀ ਨਾਗਰਿਕ ਨੂੰ 14 ਸਾਲ ਦੀ ਜੇਲ੍ਹ




**ਬੀਜਿੰਗ/ਲੋਕ ਬਾਣੀ**

ਚੀਨ @ਚ ਇਕ ਚੀਨੀ ਫੋਟੋਗ੍ਰਾਫਰ ਨੂੰ ਜਾਸੂਸੀ ਕਰਨ ਅਤੇ ਵਿਦੇਸ਼ੀ ਵਿਅਕਤੀ ਨੂੰ ਅਵੈਧ ਰੂਪ ਨਾਲ ਸੂਬੇ ਦੇ ਰਹੱਸ ਪ੍ਰਦਾਨ ਕਰਨ ਲਈ 14 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਮੀਡੀਆ ਰਿਪੋਰਟ ਦੇ ਅਨੁਸਾਰ ਚਾਈਨਾ ਆਰਮਸ ਨੇ @ਦਿ ਪੇਪਰ@ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਦੋਸ਼ੀ ਚੀਨੀ ਨਾਗਰਿਕ ਹੁਆਂਗ ਨੇ ਵੀਚੈਟ ਦੇ ਮਾਧਿਅਮ ਨਾਲ ਇਕ ਵਿਦੇਸ਼ੀ ਵਿਅਕਤੀ @ਸਿਸਟਰ ਕਿਊ.ਈ ਨਾਲ ਦੋਸਤੀ ਕੀਤੀ ਅਤੇ ਮਿਲਟਰੀ ਬੰਦਰਗਾਹਾਂ ਨਾਲ ਜੁੜੇ ਯੁੱਧ ਪੋਤਾਂ ਦੀਆਂ 384 ਤਸਵੀਰਾਂ ਪ੍ਰਦਾਨ ਕੀਤੀਆਂ ਅਤੇ 40,000 ਯੂਆਨ ਤੋ ਜ਼ਿਆਦਾ ਦੀ ਰਾਸ਼ੀ ਪ੍ਰਾਪਤ ਕੀਤੀ। ਜੁਲਾਈ 2019 ਅਤੇ ਮਈ 2020 ਦੇ ਵਿਚਾਲੇ @ਸਿਸਟਰ ਕਿਊ.ਈ@ ਦੇ ਨਿਰਦੇਸ਼ ਦੇ ਤਹਿਤ, ਹੁਆਂਗ ਨੇ ਇਕ ਮਿਲਟਰੀ ਬੰਦਰਗਾਹ ਦੇ ਕੋਲ ਇਕ ਸਮੁੰਦਰ ਕੰਢੇ @ਤੇ ਵਿਆਹ ਦੀਆਂ ਤਸਵੀਰਾਂ ਲੈਣ ਦਾ ਲਾਭ ਚੁੱਕਿਆ।

ਰਿਪੋਰਟ ਮੁਤਾਬਕ ਹੁਆਂਗ ਨੇ ਪੈਸੇ ਦੇ ਲਾਲਚ ਨਾਲ ਧੋਖੇ ਨਾਲ ਮਿਲਟਰੀ ਬੰਦਰਗਾਹ ਦੇ ਕੋਲ ਖਾੜੀ ਦੇ ਵਾਈਡ-ਐਂਗਲ ਸ਼ਾਰਟਸ ਲੈ ਲਏ। ਇਸ ਦੌਰਾਨ ਉਸ ਨੇ ਕੁੱਲ 90 ਤੋਂ ਜ਼ਿਆਦਾ ਵਾਰ ਸ਼ੂਟਿੰਗ ਕੀਤੀ, ਜਿਸ @ਚ ਮਿਲਟਰੀ ਬੰਦਰਗਾਹ @ਤੇ ਯੁੱਧਪੋਤਾਂ ਦੀਆਂ 384 ਤਸਵੀਰਾਂ ਸ਼ਾਮਲ ਸਨ, ਜਿਸ @ਚ 3 ਟਾਪ ਅਤੇ 2 ਗੁਪਤ ਰਹੱਸ ਸ਼ਾਮਲ ਸਨ। ਹੁਆਂਗ ਨੇ ਸਾਂਝਾ ਡਿਸਕ, ਗਰੁੱਪ ਸਾਂਝਾਕਰਨ ਵਲੋਂ ਨੈੱਟਵਰਕ ਦੇ ਮਾਧਿਅਮ ਨਾਲ ਵਿਦੇਸ਼ੀ ਵਿਅਕਤੀ @ਸਿਸਟਰ ਕਿਊ.ਈ@ ਨੂੰ ਤਸਵੀਰਾਂ ਭੇਜੀਆਂ ਅਤੇ ਇਸ ਦੇ ਬਦਲੇ @ਚ ਕੁੱਲ 40,000 ਯੂਆਨ ਦੀ ਮੋਟੀ ਰਾਸ਼ੀ ਪ੍ਰਾਪਤ ਕੀਤੀ। 14 ਸਾਲ ਦੀ ਜੇਲ੍ਹ ਤੋਂ ਇਲਾਵਾ, ਹੁਆਂਗ ਨੂੰ 5 ਸਾਲ ਦੇ ਲਈ ਰਾਜਨੀਤਿਕ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਗਿਆ ਅਤੇ ਜਾਸੂਸੀ ਲਈ ਗਈ 40,000 ਯੂਆਨ ਮੁੱਲ ਦੀ ਨਿੱਜੀ ਸੰਪਤੀ ਜ਼ਬਤ ਕਰ ਲਈ ਗਈ ਹੈ।

# ਪਾਕਿ: ਲਾਹੌਰ ਹਾਈ ਕੋਰਟ 'ਚ ਨਵਾਜ਼ ਦੀ ਪਟੀਸ਼ਨ 'ਤੇ ਨਹੀਂ ਹੋਵੇਗੀ ਸੁਣਵਾਈ



**ਇਸਲਾਮਾਬਾਦ/ਲੋਕ ਬਾਣੀ**

ਪਾਕਿਸਤਾਨ @ਚ ਲਾਹੌਰ ਹਾਈ ਕੋਰਟ ਦੇ ਰਜਿਸਟਰਾਰ ਦਫਤਰ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਟੀਸ਼ਨ @ਤੇ ਸੁਣਵਾਈ ਦੀ ਤਾਰੀਖ਼ ਰੱਦ ਕਰ ਦਿੱਤੀ। ਹਾਈ ਕੋਰਟ ਨੇ ਨਵਾਜ਼ ਦੀ ਪਟੀਸ਼ਨ @ਤੇ ਸੁਣਵਾਈ ਲਈ ਮੰਗਲਵਾਰ ਨੂੰ ਸੂਚੀਬੱਧ ਕੀਤਾ ਸੀ ਪਰ ਅਦਾਲਤ ਦੇ ਰਜਿਸਟਰਾਰ ਦਫਤਰ ਨੇ ਬੁੱਧਵਾਰ ਨੂੰ ਡਿਵੀਜ਼ਨ ਬੈਂਚ ਦੇ ਸਾਹਮਣੇ ਸੂਚੀਬੱਧ ਤਾਰੀਖ਼ ਰੱਦ ਕਰ ਦਿੱਤੀ। ਪਾਕਿਸਤਾਨੀ ਅਖ਼ਬਾਰ ਐਕਸਪ੍ਰੈਸ ਟ੍ਰਿਬਿਊਨ ਨੇ ਆਪਣੀ ਰਿਪੋਰਟ @ਚ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸ਼ਰੀਫ ਨੇ 2019 @ਚ ਇਕ ਪਟੀਸ਼ਨ ਦਾਇਰ ਕਰ ਕੇ ਅਦਾਲਤ ਦੇ ਆਦੇਸ਼ ਦੇ ਬਾਅਦ ਆਪਣਾ ਨਾਂ ਐਗਜ਼ਿਟ ਕੰਟਰੋਲ ਲਿਸਟ (ਈਸੀਐੱਲ) ਮਤਲਬ ਬਿਨਾਂ ਇਜਾਜ਼ਤ ਦੇਸ਼ ਛੱਡਣ @ਤੇ ਲਗਾਈ ਗਈ ਪਾਬੰਦੀ ਦੀ ਸੂਚੀ ਤੋਂ ਹਟਾਉਣ ਦੀ ਮੰਗ ਕੀਤੀ ਸੀ। ਅਦਾਲਤ ਦੇ ਰਜਿਸਟਰਾਰ ਦਫ਼ਤਰ ਨੇ ਸਈਅਦ ਸ਼ਾਹਬਾਜ਼ ਅਲੀ ਰਿਜ਼ਵੀ ਦੀ ਅਗਵਾਈ ਵਾਲੇ ਦੋ ਮੈਂਬਰੀ ਬੈਂਚ ਦੀ ਗੈਰ-ਉਪਲਬਧਤਾ ਦਾ ਹਵਾਲਾ ਦਿੰਦੇ ਹੋਏ ਸੁਣਵਾਈ ਦੀ ਤਾਰੀਖ਼ ਰੱਦ ਕਰ ਦਿੱਤੀ। ਇਸ ਮਾਮਲੇ ਦੀ ਆਖਰੀ ਸੁਣਵਾਈ 20 ਜਨਵਰੀ 2020 ਨੂੰ ਹੋਈ ਸੀ, ਉਦੋਂ ਤੋਂ ਇਹ ਮਾਮਲੇ ਸੁਣਵਾਈ ਲਈ ਸੂਚੀਬੱਧ ਨਹੀਂ ਕੀਤੇ ਗਏ ਹਨ। 16 ਜਨਵਰੀ ਨੂੰ ਲਾਹੌਰ ਹਾਈ ਕੋਰਟ ਨੇ ਸ਼ਰੀਫ਼ ਨੂੰ ਮੈਡੀਕਲ ਜਾਂਚ ਲਈ ਚਾਰ ਹਫ਼ਤਿਆਂ ਲਈ ਵਿਦੇਸ਼ ਜਾਣ ਦੀ ਇਜਾਜ਼ਤ ਦਿੱਤੀ ਸੀ। ਉਸ ਸਮੇਂ ਅਦਾਲਤ ਨੇ ਕਿਹਾ ਸੀ ਕਿ ਸ਼ਰੀਫ ਦੇ ਵਿਦੇਸ਼ ਰਹਿਣ ਦੀ ਮਿਆਦ ਉਨ੍ਹਾਂ ਦੀਆਂ ਮੈਡੀਕਲ ਰਿਪੋਰਟਾਂ @ਤੇ ਨਿਰਭਰ ਕਰੇਗੀ।

# ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦਾ ਵਫਦ ਤਹਿਸੀਲਦਾਰ ਸਮਰਾਲਾ ਨੂੰ ਮਿਲਿਆ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦਾ ਇੱਕ ਵਫਦ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ, ਚੇਅਰਮੈਨ ਸੁਦੇਸ਼ ਕੁਮਾਰ ਸ਼ਰਮਾ ਅਤੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਦੀ ਅਗਵਾਈ ਹੇਠ ਤਹਿਸੀਲ ਦਫਤਰ ਵਿਖੇ ਤਹਿਸੀਲਦਾਰ ਅਤੇ ਨੈਬ ਤਹਿਸੀਲਦਾਰ ਨੂੰ ਮਿਲਿਆ। ਜਿਸ ਵਿੱਚ ਆਮ ਲੋਕਾਂ ਦੀਆਂ ਮੁਸ਼ਕਿਲਾਂ ਸਬੰਧੀ ਚਰਚਾ ਕੀਤੀ ਗਈ ਅਤੇ ਤਹਿਸੀਲ ਕੰਪਲੈਕਸ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਮੁੱਦੇ ਸਬੰਧੀ ਵੀ ਗੱਲਬਾਤ ਕੀਤੀ ਗਈ। ਇਸ ਮੌਕੇ ਇੱਕ ਪੱਤਰ ਤਹਿਸੀਲਦਾਰ ਨੂੰ ਦਿੱਤਾ ਗਿਆ ਜਿਸ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੁਆਰਾ ਨਾਮਜਦ ਕੀਤੇ ਮੈਂਬਰਾਂ ਦੇ ਨਾਮ ਵੀ ਦਿੱਤੇ ਗਏ, ਜੋ ਆਮ ਲੋਕਾਂ ਦੀਆਂ ਮੁਸ਼ਕਿਲਾਂ ਸਬੰਧੀ ਤਹਿਸੀਲਦਾਰ ਅਤੇ ਨੈਬ ਤਹਿਸੀਲਦਾਰ ਨਾਲ ਤਾਲਮੇਲ ਰੱਖਣਗੇ ਅਤੇ ਤਹਿਸੀਲ ਵਿੱਚ ਕੰਮ ਕਰਵਾਉਣ ਆਏ ਆਮ ਲੋਕਾਂ ਦੀਆਂ ਦੀਆਂ ਮੁਸ਼ਕਿਲਾਂ ਜਾਂ ਸਰਕਾਰੀ ਕੰਮ ਵਿੱਚ ਆ ਰਹੇ ਅੜਿੱਕੇ ਸਬੰਧੀ ਜਾਣੂ ਕਰਵਾਉਣਗੇ। ਵਫਦ ਨਾਲ ਮੀਟਿੰਗ ਦੌਰਾਨ ਤਹਿਸੀਲਦਾਰ ਸਮਰਾਲਾ ਨੇ ਭਰੋਸਾ ਦਿੱਤਾ ਕਿ ਅਸੀਂ ਦਫਤਰ ਦੇ ਬਾਹਰ ਫੀਸਾਂ ਸਬੰਧੀ ਪੂਰਾ ਵੇਰਵਾ ਲਿਖ ਕੇ ਲਗਾ ਦਿੱਤਾ ਹੈ, ਜੇਕਰ ਮੇਰੇ ਦਫਤਰ ਦਾ ਕੋਈ ਕਰਮਚਾਰੀ ਇਸ ਫੀਸ ਤੋਂ ਵਾਧੂ ਹੋਰ ਕਿਸੇ ਫੀਸ ਦੀ ਮੰਗ ਕਰਦਾ ਹੈ ਜਾਂ ਕੰਮ ਪ੍ਰਤੀ ਟਾਲ ਮਟੋਲ ਕਰਦਾ ਹੈ, ਉਸ ਸਬੰਧੀ ਮੈਨੂੰ ਦੱਸਿਆ ਜਾਵੇ। ਜੇਕਰ ਕੋਈ ਏਜੰਟ ਜਾਂ ਬਾਹਰੀ ਵਿਅਕਤੀ ਕਿਸੇ ਤਰ੍ਹਾਂ ਦਾ ਕੰਮ ਕਰਵਾਉਣ ਲਈ ਕਿਸੇ ਤਰ੍ਹਾਂ ਦੇ ਪੈਸੇ ਦੀ ਮੰਗ ਕਰਦਾ ਹੈ ਤਾਂ ਉਸ ਸਬੰਧੀ ਵੀ ਗੱਲ ਮੇਰੇ ਜਾਂ ਨੈਬ ਤਹਿਸੀਲਦਾਰ ਦੇ ਧਿਆਨ ਵਿੱਚ ਲਿਆਂਦੀ ਜਾਵੇ। ਸਾਡਾ ਮੁੱਢਲਾ ਫਰਜ ਆਮ ਲੋਕਾਂ ਦੀ ਸੇਵਾ ਕਰਨਾ ਹੈ। ਵਫਦ ਵਿੱਚ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਕੰਗ, ਪ੍ਰੇਮ ਨਾਥ, ਸ਼ਵਿੰਦਰ ਸਿੰਘ, ਰਾਜਿੰਦਰ ਸਿੰਘ, ਨਿਰਮਲ ਸਿੰਘ, ਸੁਰਿੰਦਰ ਕੁਮਾਰ, ਆਦਿ ਹਾਜਰ ਸਨ।

# ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਵਿਖੇ ਸੀਨੀਅਰ ਵਿਦਿਆਰਥੀਆਂ ਲਈ ਲਗਾਇਆ ਗਿਆ ਕੈਰੀਅਰ ਸਬੰਧੀ ਸੈਮੀਨਾਰ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਵਿਖੇ ਸੀਨੀਅਰ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਸਹੀ ਕੈਰੀਅਰ ਚੁਣਨ ਵਾਸਤੇ ਸੈਮੀਨਾਰ ਲਗਾਇਆ ਗਿਆ ਜਿਸ ਵਿਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਇੰਜੀ. ਸ. ਨਵਜੋਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਇੰਜੀ. ਸ਼੍ਰੀਮਤੀ ਅਮਰਜੋਤ ਕੌਰ ਨੇ ਸਕੂਲ ਦੇ ਸੀਨੀਅਰ ਬੱਚਿਆਂ ਨੂੰ ਕੈਰੀਅਰ ਸਬੰਧੀ ਜਾਣਕਾਰੀ ਦਿੱਤੀ । ਉਨ੍ਹਾਂ ਨੇ ਬੱਚਿਆਂ ਨੂੰ ਇੰਜੀਨੀਅਰਿੰਗ ਦੇ ਵੱਖ ਵੱਖ ਕੋਰਸਾਂ ਦੀ ਜਾਣਕਾਰੀ ਦਿੱਤੀ ਅਤੇ ਕੋਰਸਾਂ ਨਾਲ ਸਬੰਧਿਤ ਪਲੇਸਮੈਂਟ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਇਨ੍ਹਾਂ ਕੋਰਸਾਂ ਰਾਹੀਂ ਬੱਚੇ ਪੰਜਾਬ ਵਿੱਚ ਹੀ ਰਹਿ ਕੇ ਆਪਣਾ ਭਵਿੱਖ ਸੁਨਹਿਰੀ ਬਣਾ ਸਕਦੇ ਹਨ । ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਦੇ ਡਾਇਰੈਕਟਰ ਸ. ਇੰਦਰਪਾਲ ਸਿੰਘ ,ਐੱਸ.ਜੀ.ਪੀ.ਸੀ.ਦੇ ਸੀਨੀਅਰ ਮੈਂਬਰ ਸ. ਗੁਰਚਰਨ ਸਿੰਘ ਗਰੇਵਾਲ, ਸਕੂਲ ਦੀ ਸਥਾਨਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਹਰਜਤਿੰਦਰ ਸਿੰਘ ਬਾਜਵਾ ਸ਼ਾਮਲ ਹੋਏ ।ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਗਿੱਲ ਅਤੇ ਸ੍ਰੀ ਸ਼ਿਵ ਕੁਮਾਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਬੱਚਿਆਂ ਨੂੰ ਕੈਰੀਅਰ ਦੀ ਜਾਣਕਾਰੀ ਦੇਣ ਸਬੰਧੀ ਅਜਿਹੇ ਸੈਮੀਨਾਰ ਲਗਾਉਂਦੇ ਰਹਿਣਗੇ ।

# ਸੁਖਬੀਰ ਸਿੰਘ ਬਾਦਲ ਪੰਜਾਬ ਤੇ ਪੰਥ ਦੇ ਵਡੇਰੇ ਹਿਤਾਂ ਲਈ ਤੁਰੰਤ ਪ੍ਰਧਾਨਗੀ ਤੋਂ ਅਸਤੀਫਾ ਦੇਣ- ਜੱਥੇਦਾਰ ਕੇਵਲ ਸਿੰਘ ਕੱਦੋਂ



**ਮਾਛੀਵਾੜਾ ਸਾਹਿਬ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਅੱਜ ਇੱਥੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਕੌਮੀ ਮੀਤ ਪ੍ਰਧਾਨ @ਜੱਥੇਦਾਰ ਕੇਵਲ ਸਿੰਘ ਕੱਦੋਂ@ ਮਾਛੀਵਾੜਾ ਸਾਹਿਬ ਨੇ ਸ਼ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਹ ਖਾਲਸਾ ਪੰਥ ਤੇ ਪੰਜਾਬੀਆਂ ਦੇ ਵਡੇਰੇ ਹਿਤਾਂ ਲਈ ਤੁਰੰਤ ਪ੍ਰਧਾਨਗੀ ਤੋਂ ਅਸਤੀਫਾ ਦੇਣ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਬਚਾਇਆ ਜਾ ਸਕੇ । ਉਹਨਾਂ ਕਿਹਾ ਕਿ ਪੰਥ ਤੇ ਪੰਜਾਬ ਦੇ ਵਡੇਰੇ ਹਿੱਤਾਂ ਲਈ ਇਕ ਮਜਬੂਤ ਸ਼ਰੋਮਣੀ ਅਕਾਲੀ ਦਲ ਦਾ ਹੋਣਾਂ ਬਹੁਤ ਜਰੂਰੀ ਹੈ ਸ਼ਰੋਮਣੀ ਅਕਾਲੀ ਦਲ ਤਾਂ ਹੀ ਮਜਬੂਤ ਹੋਵੇਗਾ ਜੇਕਰ ਇਸ ਤੋਂ ਇਕ ਪਰਿਵਾਰ ਦਾ ਗਲਬਾ ਖਤਮ ਕੀਤਾ ਜਾਵੇ। ਅੱਜ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਪੰਜਾਬ ਤੇ ਪੰਥ ਦੇ ਵਡੇਰੇ ਹਿਤਾਂ ਲਈ ਇਕ ਮਜਬੂਤ ਸ਼ਰੋਮਣੀ ਅਕਾਲੀ ਦਲ ਬਣਾਉਣ ਲਈ ਇਕ ਪਰਿਵਾਰ ਦਾ ਗਲਬਾ ਤੋੜ ਕੇ ਪੁਰਾਤਨ ਪੰਥਕ ਰਵਾਇਤਾਂ ਵਾਲਾ ਸ਼੍ਰੋਮਣੀ ਅਕਾਲੀ ਦਲ ਬਣਾਉਣ ਦੀ ਲੋੜ ਹੈ। ਅਸੀਂ ਇਸ ਪਰਿਵਾਰ ਨੂੰ ( ਬਾਦਲ ਪਰਿਵਾਰ ) ਅਪੀਲ ਕਰਦੇ ਹਾਂ ਕਿ ਉਹ ਪੰਜਾਬ ਅਤੇ ਖਾਲਸਾ ਪੰਥ ਦੇ ਵਡੇਰੇ ਹਿੱਤਾਂ ਲਈ ਤੇ ਸਮੇਂ ਨੂੰ ਦੇਖਦੇ ਹੋਏ ਆਪਣੇ ਆਪ ਹੀ ਕਿਨਾਰਾ ਕਰ ਜਾਣ ਤੇ @ਚੀਚੀ ਨੂੰ ਖੂਨ ਲਾ ਕੇ ਕੁਰਬਾਨੀ ਦੇਣ@ ਤੇ ਤੁਰੰਤ ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਫਾਰਗ ਹੋਣ ਤਾਂ ਜੋ ਸ਼ਰੋਮਣੀ ਅਕਾਲੀ ਦਲ ਨੂੰ ਮੁੜ ਪਹਿਲਾਂ ਵਾਲੀਆਂ ਰਵਾਇਤਾਂ ਅਨੁਸਾਰ ਕਾਇਮ ਕਰਕੇ ਪੰਥ , ਪੰਜਾਬ ਅਤੇ ਪੰਜਾਬੀਅਤ ਦਾ ਝੰਡਾ ਬੁਲੰਦ ਹੋ ਸਕੇ ਤੇ ਸਿੱਖ ਕੌਮ ਦੀ ਰਾਜਨੀਤਕ ਨੁਮਾਇੰਦਾ ਜੱਥੇਬੰਦੀ ਸ਼੍ਰੋਮਣੀ ਅਕਾਲੀ ਦਲ ਹੈ ਜਿਸ ਦਾ ਇਤਿਹਾਸ ਅਨੇਕਾਂ ਸ਼ਹੀਦੀਆਂ ਅਤੇ ਕੁਰਬਾਨੀਆਂ ਨਾਲ ਭਰਿਆ ਪਿਆ ਦਾ ਕੇਸਰੀ ਝੰਡਾ ਉੱਚਾ ਹੋਵੇ ਤੇ ਮੁੜ ਪੰਜਾਬ ਦੀ ਅਗਵਾਈ ਕਰੇ ।

# ਸਵ: ਜਸਵੰਤ ਸਿੰਘ ਲੀਲ ਯਾਦਗਾਰੀ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ 24 ਨੂੰ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਇੱਥੋ ਨਜਦੀਕੀ ਪਿੰਡ ਦਿਆਲਪੁਰਾ, ਨੇੜੇ ਸਮਰਾਲਾ ਵਿਖੇ ਸਾਹਿਤਕਾਰ ਸੁਖਦੀਪ ਸਿੰਘ ਲੀਲ (ਦਿਆਲਪੁਰੀ) ਅਤੇ ਪਰਿਵਾਰ ਵੱਲੋਂ ਆਪਣੇ ਪਿਤਾ ਸਵ: ਜਸਵੰਤ ਸਿੰਘ ਲੀਲ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ 24 ਅਪ੍ਰੈਲ ਨੂੰ ਪਿੰਡ ਦਿਆਲਪੁਰਾ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ 9:30 ਵਜੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਪੰਜਾਬ ਭਰ ਤੋਂ ਨਾਮਵਰ ਕਵੀ ਪਹੁੰਚ ਕੇ ਆਪਣਾ ਕਲਾਮ ਪੇਸ਼ ਕਰਨਗੇ। ਇਸ ਮੌਕੇ ਸਵ: ਜਸਵੰਤ ਸਿੰਘ ਲੀਲ ਦੀ ਯਾਦ ਵਿੱਚ ਵੱਖ ਵੱਖ ਖੇਤਰਾਂ ਵਿੱਚ ਨਾਮਨਾ ਖੱਟਣ ਵਾਲੀਆਂ ਸ਼ਖਸ਼ੀਅਤਾਂ ਜਿਨ੍ਹਾਂ ਉੱਘੇ ਸਮਾਜਸੇਵੀ ਦੀਪ ਦਿਲਬਰ, ਪੁਰਾਤਨ ਚੀਜਾਂ ਸੰਭਾਲਣ ਵਾਲਾ ਤਸਵਿੰਦਰ ਸਿੰਘ ਵੜੈਚ ਦੀਵਾਲਾ, ਕਵੀ ਹਰਬੰਸ ਸਿੰਘ ਸ਼ਾਨ ਬਗਲੀ, ਗਜ਼ਲਗੋ ਮਨਦੀਪ ਮਾਣਕੀ ਅਤੇ ਕਵੀ ਜਗਦੇਵ ਸਿੰਘ ਘੁੰਗਰਾਲੀ ਦਾ ਸਨਮਾਨ ਵੀ ਕੀਤਾ ਜਾ ਰਿਹਾ ਹੈ। ਲੀਲ ਪਰਿਵਾਰ ਵੱਲੋਂ ਸਮਰਾਲਾ ਇਲਾਕੇ ਦੇ ਸਾਹਿਤ ਪ੍ਰੇਮੀਆਂ ਨੂੰ ਇਸ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ।

# ਔਰਤ ਲਾਈ ਇਨਸਾਫ਼ ਦੀ ਗੁਹਾਰ



**ਅੰਮ੍ਰਿਤਸਰ /ਰਾਜਾ ਕੋਟਲੀ**

ਸਰਕਾਰਾਂ ਵੱਲੋਂ ਭਾਵੇਂ ਔਰਤਾਂ ਨੂੰ ਬਰਾਬਰਤਾ ਦਾ ਹੱਕ ਦਿਵਾਉਣ ਲਈ ਕਈ ਤਰ੍ਹਾਂ ਦੇ ਦਾਅਵੇ ਕੀਤੇ ਜਾਂਦੇ ਹਨ।ਪਰ ਜ਼ਮੀਨੀ ਪੱਧਰ ਤੇ ਵੇਖੀਏ ਜਾਵੇ ਤਾ ਇਨ੍ਹਾਂ ਦਾਅਵਿਆਂ ਦੀ ਫੂਕ ਨਿਕਲਦੀ ਨਜ਼ਰ ਆ ਰਹੀ ਹੈ। ਔਰਤਾਂ ਅੱਜ ਆਪਣੇ ਆਪ ਚੋਂ ਹੀਣ ਭਾਵਨਾ ਮਹਿਸੂਸ ਕਰਦੀ ਆ ਰਹੀ ਹੈ।ਕੁਝ ਇਸ ਤਰ੍ਹਾਂ ਦਾ ਮਾਮਲਾ ਹਲਕਾ ਮਜੀਠਾ ਦੇ ਪਿੰਡ ਛੋਟੀ ਭੰਗਾਲੀ ਤੋਂ ਸਾਹਮਣੇ ਆਇਆ ਹੈ। ਇਥੋ ਦੀ ਪਰਮਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੁਝ ਦਿਨ ਪਹਿਲਾਂ ਪਿੰਡ ਦੇ ਰਹਿਣ ਵਾਲੇ ਧਰਮਬੀਰ ਸਿੰਘ ਉਰਫ ਮਣੀ ਵੱਲੋਂ ਅੱਧੀ ਰਾਤ ਨੂੰ ਸਾਡੇ ਘਰ ਦੀ ਕੰਧ ਟੱਪ ਕਿ ਘਰ ਵਿੱਚ ਦਾਖ਼ਲ ਹੋਣ ਦੀ ਦਰਖਾਸਤ ਥਾਣਾ ਮਜੀਠਾ ਅਧੀਨ ਪੈਂਦੀ ਚੌਕੀ ਭੰਗਾਲੀ ਦੀ ਪੁਲਿਸ ਨੂੰ ਦਿੱਤੀ ਸੀ। ਪਰ ਕਈ ਦਿਨ ਬੀਤ ਜਾਣ ਦੇ ਬਾਵਜੂਦ ਵੀ ਪੁਲਿਸ ਵੱਲੋਂ ਉਕਤ ਵਿਅਕਤੀ ਖਿਲਾਫ਼ ਕੋਈ ਕਾਰਵਾਈ ਨਹੀ ਕੀਤੀ ਗਈ।ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਐੱਸ.ਐੱਸ.ਪੀ ਅੰਮ੍ਰਿਤਸਰ ਦਿਹਾਤੀ ਕੋਲੋਂ ਮੰਗ ਕੀਤੀ ਕਿ ਉਕਤ ਵਿਅਕਤੀ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਮੈਨੂੰ ਇਨਸਾਫ ਦਿਵਾਇਆ ਜਾਵੇ।ਇਸ ਸੰਬੰਧੀ ਜਦੋਂ ਧਰਮਵੀਰ ਸਿੰਘ ਉਰਫ ਮਣੀ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਵੱਲੋਂ ਆਪਣੇ ਤੇ ਲੱਗੇ ਹੋਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਮੇਰੇ ਉੱਪਰ ਲਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ ਅਤੇ ਇਹ ਮੈਨੂੰ ਝੂਠੇ ਕੇਸ ਵਿੱਚ ਫਸਾਉਣਾ ਚਾਹੁੰਦੇ ਹਨ।ਇਸ ਸਬੰਧੀ ਜਦੋਂ ਭੰਗਾਲੀ ਚੌਕੀ ਇੰਚਾਰਜ ਕੁਲਵੰਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਕਿਹਾ ਕਿ ਪੜਤਾਲ ਕੀਤੀ ਜਾ ਰਹੀ ਹੈ ਜੋ ਤੱਥ ਸਾਹਮਣੇ ਆਉਣਗੇ ਉਸ ਦੇ ਆਧਾਰ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਵਿਧਾਇਕਾ ਮਾਣੂੰਕੇ ਵੱਲੋਂ ਨਜ਼ਾਇਜ਼ ਮਾਈਨਿੰਗ ਰੋਕਣ ਸਬੰਧੀ ਮੰਤਰੀ ਨਾਲ ਮੁਲਾਕਾਤ



**ਜਗਰਾਉ/ਅਰਜੁਨ ਸਹਿਜਪਾਲ**

ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਪੰਜਾਬ ਦੇ ਮਾਈਨਿੰਗ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮਾਈਨਿੰਗ ਦੇ ਸਬੰਧ ਵਿੱਚ ਮੁਲਾਕਾਤ ਕੀਤੀ। ਇਸ ਮੁਲਾਕਾਤ ਮੌਕੇ ਨਿਹਾਲ ਸਿੰਘ ਵਾਲਾ ਤੋਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਅਤੇ ਮਹਿਲਕਲਾਂ ਤੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੀ ਉਹਨਾਂ ਦੇ ਨਾਲ ਸਨ। ਮੀਟਿੰਗ ਦੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਦੱਸਿਆ ਕਿ ਮਾਈਨਿੰਗ ਮੰਤਰੀ ਨੂੰ ਨਜਾਇਜ਼ ਮਾਈਨਿੰਗ ਰੋਕਣ ਲਈ ਢੁਕਵੇਂ ਤੇ ਸਖ਼ਤ ਕਦਮ ਚੁੱਕਣ ਲਈ ਉਪਰਾਲੇ ਕਰਨ ਸਬੰਧੀ ਮੰਗ ਕੀਤੀ। ਉਹਨਾਂ ਆਖਿਆ ਕਿ ਮੰਤਰੀ ਸਾਹਿਬ ਨੇ ਵਿਸ਼ਵਾ ਸ ਦਿਵਾਇਆ ਹੈ ਕਿ ਸਬੰਧਿਤ ਠੇਕੇਦਾਰ ਨੂੰ ਜਾਰੀ ਹੋਈ ਖੱਡ ਦੀ ਨਿਸ਼ਾਨਦੇਹੀ ਕਰਵਾਕੇ ਝੰਡੇ ਲਗਾਏ ਜਾਣਗੇ, ਖੱਡ ਦੇ ਬਾਹਰ ਨੋਟਿਸ ਬੋਰਡ ਲਗਾਕੇ ਪੂਰੀ ਜਾਣਕਾਰੀ ਲਿਖੀ ਜਾਵੇ ਗੀ, ਸਰਕਾਰ ਖੱਡਾਂ ਦ ੀ ਨਿਗਰਾਨੀ ਲਈ ਸੀ.ਸੀ.ਟੀ.ਵੀ ਕੈਮਰੇ ਲਗਾਉਣ ਬਾਰੇ ਵੀ ਵਿਚਾਰ ਕਰ ਰਹੀ ਹੈ ਲੋਕਾਂ ਨੂੰ ਸਸਤਾ ਰੇਤਾ-ਬਜ਼ਰੀ ਦਿਵਾਉਣ ਲਈ ਵੀ ਸਰਕਾਰ ਤਜਵੀਜ਼ਾਂ ਤਿਆਰ ਕਰ ਰਹੀ ਹੈ। ਇਸ ਤੋਂ ਇਲਾਵਾ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਹਲਕੇ ਦੇ ਲੋਕਾਂ ਨੇ ਉਹਨਾਂ ਨੂੰ ਵੱਡੀ ਲੀਡ ਦਿਵਾਕੇ ਦੂਜੀ ਵਾਰ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਉਹ ਹਲਕਾ ਵਾਸੀਆਂ ਨੂੰ ਸਾਫ਼ ਸੁਥਰਾ ਪ੍ਰਸ਼ਾਸ਼ਨ ਦੇਣ ਲਈ ਹਰ ਸਮੇਂ ਯਤਨਸ਼ੀਲ ਰਹਿਣਗੇ। ਇਸ ਸਬੰਧ ਵਿੱਚ ਉਹਨਾਂ ਵੱਲੋਂ ਹਲਕੇ ਦੇ ਅਧਿਕਾਰੀਆਂ ਨਾਲ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਹਨਾਂ ਦੇ ਹੱਲ ਕਰਨ ਲਈ ਸਖ਼ਤ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨ ਲਈ ਪ੍ਰਪੋਜ਼ਲਾਂ ਤਿਆਰ ਕਰਨ ਲਈ ਵੀ ਕਿਹਾ ਗਿਆ ਹੈ ਤਾਂ ਜੋ ਹਲਕੇ ਨੂੰ ਨਮੂਨੇ ਦਾ ਬਣਾਇਆ ਜਾ ਸਕੇ। ਵਿਧਾਇਕਾ ਨੇ ਆਖਿਆ ਕਿ ਹਲਕੇ ਦੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਤੁਰੰਤ ਸ਼ੁਰੂ ਕਰਨ ਲਈ ਅਧਿਕਾਰੀਆਂ ਨੂੰ ਕਹਿ ਦਿੱਤਾ ਗਿਆ ਹੈ ਅਤੇ ਜਿੱਥੇ ਕਿਤੇ ਵੀ ਸੜਕਾਂ ਜਾਂ ਗਲੀਆਂ ਟੁੱਟੀਆਂ ਹੋਈਆਂ ਹਨ, ਉਹਨਾਂ ਦੀ ਮੁਰੰਮਤ ਕਰਨ ਅਤੇ ਜਿੱਥੇ ਗਲੀਆਂ ਨਵੀਆਂ ਬਣਨ ਵਾਲੀਆਂ ਹਨ, ਉਹਨਾਂ ਸਬੰਧੀ ਤੁਰੰਤ ਕਾਰਵਾਈ ਕਰਨ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਉਹਨਾਂ ਦੇ ਨਾਲ ਪ੍ਰੋਫੈਸਰ ਸੁਖਵਿੰਦਰ ਸਿੰਘ, ਅਮਰਦੀਪ ਸਿੰਘ ਟੂਰੇ, ਕੁਲਵਿੰਦਰ ਸਿੰਘ ਕਾਲਾ, ਪ੍ਰੀਤਮ ਸਿੰਘ ਅਖਾੜਾ, ਗੁਰਪ੍ਰੀਤ ਸਿੰਘ ਨੋਨੀ, ਸਰਪੰਚ ਗੁਰਨਾਮ ਸਿੰਘ ਭੈਣੀ, ਸੋਨੀ ਕਾਉਂਕੇ, ਸਰਪੰਚ ਸੁਰਜੀਤ ਸਿੰਘ ਜਨੇਤਪੁਰਾ, ਸਨੀ ਬੱਤਰਾ, ਕੁਲਵੰਤ ਸਿੰਘ ਕਮਲ, ਮਨਪ੍ਰੀਤ ਸਿੰਘ ਮੰਨਾਂ, ਰਾਮਾ ਨਾਹਰ, ਅਮਨ ਨਾਹਰ, ਬਲਜੀਤ ਸਿੰਘ, ਸੁਸ਼ੀਲ ਕੁਮਾਰ, ਗੁਰਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਸਰਕਾਰ ਦੁਆਰਾ ਬਲਾਕ ਸਤਰ ਉਤੇ ਲਗਾਇਆ ਸਿਹਤ ਕੈਂਪ, ਸਨੌਰ ਦੇ ਲੋਕਾਂ ਨੇ ਕਰਵਾਇਆ ਫਰੀ ਚੈਕਅੱਪ



**ਪਟਿਆਲਾ/ਸਨੌਰ/ਇਕਬਾਲ ਸਿੰਘ**

ਕੇਂਦਰ ਸਰਕਾਰ ਦੇ ਨਿਰਦੇਸ਼ਾਂ ਹੇਠ ਪੰਜਾਬ ਸਰਕਾਰ ਵੱਲੋਂ ਪਿੰਡ ਵਿੱਚ ਬਲਾਕਪੱਧਰ ਤੇ ਸਿਹਤ ਸਬੰਧੀ ਕੈਂਪ ਲਗਾਏ ਗਏ। ਜਿਸ ਵਿਚ ਲੋਕਾਂ ਵੱਲੋਂ ਪਹੁੰਚ ਕੇ ਆਪਣਾ ਚੈਕਅਪ ਕਰਵਾਇਆ ਗਿਆ। ਡਾਕਟਰਾ ਦੀ ਟੀਮ ਵੱਲੋਂ ਮਰੀਜ਼ਾਂ ਦੇ ਚੈਕਅਪ ਦੌਰਾਨ ਮੁਫਤ ਦਵਾਈਆਂ ਵੰਡੀਆਂ ਗਈਆਂ । ਇਸ ਮੌਕੇ ਪਿੰਡ ਵਾਲਿਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਦਾ ਇਹ ਬਹੁਤ ਵੱਡਾ ਉਪਰਾਲਾ ਹੈ ਜਿਸ ਵਿਚ ਉਨ੍ਹਾਂ ਵੱਲੋਂ ਪਿੰਡਾਂ ਵਿਚ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਸਿਹਤ ਕੈਂਪ ਲਗਾ ਕੇ ਉਨ੍ਹਾਂ ਵੱਲੋਂ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ।

# ਪਟਿਆਲਾ ਡਿਪਟੀ ਕਮਿਸ਼ਨਰ ਨੇ ਕਿਲਾ ਮੁਬਾਰਕ ਪਟਿਆਲਵੀ ਵਿਰਾਸਤ ਮਹਾਂਉਤਸਵ ਦਾ ਆਨੰਦ ਲੈਣ ਲਈ ਲੋਕਾਂ ਨੂੰ ਕੀਤਾ ਆਮੰਤਰਿਤ

**ਪਟਿਆਲਾ/ਇਕਬਾਲ ਸਿੰਘ:** ਡਿਪਟੀ ਕਮਿਸ਼ਨਰ ਵੱਲੋਂ ਲੋਕਾਂ ਨੂੰ ਕਿਲਾ ਮੁਬਾਰਕ ਵਿੱਚ ਪਟਿਆਲਵੀ ਹਾਰੀਟੇਜ ਫੈਸਟੀਵਲ ਮਨਾਉਣ ਲਈ ਸੱਦਾ ਦੇ ਰਹੀ ਹਾਂ। ਡਿਪਟੀ ਕਮਿਸ਼ਨਰ ਸਾਕਸ਼ੀ ਸੈਨਾ ਵੱਲੋਂ ਸਮੂਹ ਜ਼ਿਲ੍ਹਾ ਨਿਵਾਸੀਆਂ ਅਤੇ ਜ਼ਿਲ੍ਹਾ ਪ੍ਰੇਮੀਆਂ ਨੂੰ ਇਸ ਮੌਕੇ ਤੇ ਪੰਜਾਬ ਸਰਕਾਰ ਪ੍ਰਸ਼ਾਸ਼ਣ ਵੱਲੋਂ ਕਰਵਾਏ ਜਾ ਰਹੇ ਪਟਿਆਲਵੀ ਹੈਰੀਟੇਜ ਉਸਤਵ ਦਾ ਅਨੰਦ ਮਨਾਉਣ ਦਾ ਸੱਦਾ ਦਿੱਤਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਆਪਣੀ ਵਡਮੁੱਲੀ ਵਿਰਾਸਤ ਅਤੇ ਸਭਿਆਚਾਰ ਵਿਰਾਸਤ ਬਾਰੇ ਜਾਣਕਾਰੀ ਦੇਣ ਦੇ ਉਪਰਾਲੇ ਵਜੋਂ ਇਹ ਪਟਿਆਲਵੀਆਂ ਵਿਰਾਸਤ ਉਤਸਵ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪਟਿਆਲਾ ਵਿਰਾਸਤ ਉਤਸਵ ਦੇ ਪ੍ਰੋਗਰਾਮ ਵਿੱਚ ਕੋਈ ਟਿਕਟ ਨਹੀਂ ਹੈ। ਇਸ ਲਈ ਸਮੂਹ ਪਟਿਆਲਵੀ ਕਲਾ ਪ੍ਰੇਮੀ ਅਤੇ ਆਮ ਲੋਕ ਇਸ ਵਿਚ ਦਿਲਚਸਪ ਆਯੋਜਨ ਦਾ ਆਨੰਦ ਲੈਣ। ਉਨ੍ਹਾਂ ਨੇ ਦੱਸਿਆ ਕਿ ਸ਼ਾਮ 5.30 ਵਜੇ ਤੱਕ ਵਿਰਾਸਤ ਫਾਊਂਡੇਸ਼ਨ ਵੱਲੋਂ ਹੈਰੀਟੇਜ ਵਾਕ ਕਰਵਾਈ ਜਾਵੇਗੀ ਕਿਲਾ ਮੁਬਾਰਕ ਵਿਖੇ ਖਾਣੇ ਦੇ ਸਟਾਲ ਅਤੇ ਸਾਹਿਤਕ ਮੈਂਬਰ ਮਹਿਲਾਵਾਂ ਵੱਲੋਂ ਤਿਆਰ ਦਸਤਕਾਰੀ ਅਤੇ ਸਾਜ਼ੋ-ਸਾਮਾਨ ਵੀ ਲਗਾਇਆ ਜਾ ਰਿਹਾ ਹੈ। ਇਸ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਕਿਹਾ ਗਿਆ ਕਿ ਮੈਂ ਸਾਰੇ ਪਟਿਆਲਾ ਵਾਸੀਆਂ ਨੂੰ ਖੁਸ਼ਖਬਰੀ ਦੇਣਾ ਚਾਹੁੰਦੀ ਹਾਂ ਕਿ ਪਟਿਆਲਾ ਦੇ ਵਿੱਚ ਕਿਲਾ ਮੁਬਾਰਕ ਦੇ ਵਿਚ ਪਟਿਆਲਵੀ ਹੈਰੀਟੇਜ ਸੈਲੀਬ੍ਰੇਟ ਕੀਤਾ ਜਾ ਰਿਹਾ ਹੈ। ਪਲੀਜ਼ ਮੈਂ ਚਾਹੁੰਦੀ ਹਾਂ ਕਿ ਤੁਸੀਂ ਸਾਰੇ ਇਸ ਜਸ਼ਨ ਦਾ ਹਿੱਸਾ ਬਣੋ । ਇਸ ਮੌਕੇ ਉਤੇ ਅਸੀਂ ਇੱਕ ਹੈਰੀਟੇਜ਼ ਵਾਕ ਵੀ ਕਰਵਾ ਰਹੇ ਹਾਂ ਜੋ ਕਿ ਸਕੂਲ ਬੱਚਿਆਂ ਦੀ ਹੋਵੇਗੀ ਮੈਂ ਸਾਰਿਆਂ ਨੂੰ ਸੱਦਾ ਦਿੰਦੇ ਹਾਂ ਕੀ ਤੁਸੀਂ ਸਾਰੇ ਇਥੇ ਪਹੁੰਚ ਕੇ ਇਸ ਜਸ਼ਨ ਦਾ ਅਨੰਦ ਲੈ ਸਕੋਂ। ਇਸ ਵਿੱਚ ਅਸੀਂ ਇੱਕ ਕੰਮਪੀਟੀਸ਼ਨ ਵੀ ਹੋਲਡ ਕਰ ਰਹੇ ਹਾਂ ਜਿਹੜਾ ਵੀ ਇਸ ਵਿਚ ਹਿੱਸਾ ਲੈਣ ਦਾ ਇੱਛੁਕ ਹੈ ਉਹ ਆਪਣੀ ਫੋਟੋ ਅਤੇ ਐਡਰੈੱਸ ਸਾਡੀ ਆਇਡੀ ਤੇ ਪਾ ਸਕਦੇ ਹਨ। ਮੈ ਇੱਕ ਵਾਰ ਫੇਰ ਥੋਨੂੰ ਇਸ ਹੈਰੀਟੇਜ ਵਿੱਚ ਸ਼ਾਮਿਲ ਹੋਣ ਦਾ ਸੱਦਾ ਦੇ ਰਹੀ ਹਾਂ ਤਾਂ ਕਿ ਤੁਸੀਂ ਵੀ ਇਸ ਸਮਾਗਮ ਦਾ ਹਿੱਸਾ ਬਣ ਸਕੋ ਇਸ ਦਾ ਆਨੰਦ ਲੈ ਸਕੋ।




# ਲਾਲੀ ਮਜੀਠੀਆ ਨੇ ਪਿੰਡ ਵੇਗੋਵਾਲ ਤੋਂ ਥਰੀਏਵਾਲ ਤੱਕ ਸੜ੍ਕ ਤੇ ਪ੍ਰੀਮਿਕਸ ਪਾਵਾਉਣ ਦੀ ਕਰਵਾਈ ਸ਼ੁਰੂਆਤ



## ਪੰਜਾਬ ਵਿੱਚ ਆਮ ਲੋਕਾਂ ਦੀ ਆਪਣੀ ਸਰਕਾਰ ਹੈ।ਲਾਲੀ ਮਜੀਠੀਆ

**ਅੰਮ੍ਰਿਤਸਰ /ਰਾਜਾ ਕੋਟਲੀ**

ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਵੱਲੋਂ ਅੱਜ ਹਲਕੇ ਦੇ ਪਿੰਡ ਵੇਗੋਵਾਲ ਤੋਂ ਥਰੀਏਵਾਲ ਤੱਕ ਸੜਕ ਤੇ ਪ੍ਰੀਮਿਕਸ ਪਵਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਲਾਲੀ ਮਜੀਠੀਆ ਨੇ ਕਿਹਾ ਕਿ ਆਪ ਦੇ ਕੌਮੀ ਕਨਵੀਨਰ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਸਰਬਪੱਖੀ ਵਿਕਾਸ ਦੇ ਨਵੇਂ ਯੁੱਗ ਦਾ ਆਰੰਭ ਹੋਇਆ ਹੈ ਅਤੇ ਲੋਕ ਖੁਦ ਮਹਿਸੂਸ ਕਰ ਰਹੇ ਹਨ ਕਿ ਸਹੀ ਮਾਅਨਿਆਂ ਵਿੱਚ ਹੁਣ ਪੰਜਾਬ ਵਿੱਚ ਆਮ ਲੋਕਾਂ ਦੀ ਆਪਣੀ ਸਰਕਾਰ ਆਈ ਹੈ। ਇਸ ਮੌਕੇ ਮਾਰਕੀਟ ਕਮੇਟੀ ਮਜੀਠਾ ਦੇ ਚੇਅਰਮੈਨ ਬਲਵਿੰਦਰ ਸਿੰਘ ਮਰੜੀ,ਅਵਲ ਮਜੀਠੀਆ, ਜਸਦੀਪ ਸਿੰਘ ਰੰਧਾਵਾ, ਸਤਿੰਦਰ ਸਿੰਘ ਉੱਪਲ, ਲਖਵਿੰਦਰ ਸਿੱਖ ਵੇਗੋਵਾਲ, ਮਨਦੀਪ ਸਿੰਘ ਹਰੀਆਂ, ਬਲਦੇਵ ਸਿੰਘ ਮਜੀਠਾ, ਅਰਸ਼ ਸਾਮਨਗਰ, ਸਾਬਕਾ ਸਰਪੰਚ ਮਲਕੀਤ ਸਿੰਘ ਹਰੀਆਂ, ਹਰਦਿਆਲ ਸਿੰਘ, ਬਲਕਾਰ ਸਿੰਘ, ਕਰਨੈਲ ਸਿੰਘ ਕਾਲਾ, ਕੁਲਦੀਪ ਕੁਮਾਰ, ਲਖਬੀਰ ਸਿੰਘ ਜੱਗਾ,ਅਜੀਤ ਸਿੰਘ ਪ੍ਰਧਾਨ, ਭੁਪਿੰਦਰ ਸਿੰਘ ਪੱਪੂ,ਪ੍ਰਧਾਨ ਹਰਜੀਤ ਸਿੰਘ ਉਦੋਕੇ ,ਦਰਸਨ ਸਿੰਘ ਉਦੋਕੇ, ਕੁਲਵੰਤ ਕੁਮਾਰ ਅਤੇ ਆਪ ਦੇ ਹੋਰ ਆਗੂ ਤੇ ਵਰਕਰ ਵੀ ਹਾਜ਼ਰ ਸਨ।

# ਰਾਜਾ ਵੜਿੰਗ ਦੀ ਤਾਜਪੋਸ਼ੀ ਲਈ ਵਰਕਰਾਂ ਤੇ ਭਾਰੀ ਉਤਸ਼ਾਹ : ਸੱਚਰ



**ਅੰਮ੍ਰਿਤਸਰ/ਰਾਜਾ ਕੋਟਲੀ**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵ ਨਿਯੁਕਤ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕਾਰਜਕਾਰੀ ਪ੍ਰਧਾਨ ਸ੍ਰੀ ਭਾਰਤ ਭੂਸ਼ਨ ਆਸ਼ੂ ਦੇ ਤਾਜਪੋਸ਼ੀ ਸਮਾਗਮ ਵਿੱਚ 22 ਅਪ੍ਰੈਲ ਨੂੰ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਅੰਮ੍ਰਿਤਸਰ ਦਿਹਾਤੀ ਤੇ ਹਲਕਾ ਮਜੀਠਾ ਤੋਂ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਸ਼ਾਮਲ ਹੋਣਗੇ। ਇੰਨਾਂ ਸ਼ਬਦਾਂ ਦਾ ਪ੍ਰਗਟਾਵਾ ਅੰਮ੍ਰਿਤਸਰ ਦਿਹਾਤੀ ਕਾਂਗਰਸ ਪਾਰਟੀ ਦੇ ਪ੍ਰਧਾਨ ਭਗਵੰਤ ਪਾਲ ਸਿੰਘ ਸੱਚਰ ਨੇ ਹਲਕਾ ਮਜੀਠਾ ਦੇ ਪਿੰਡ ਕਾਜੀਕੋਟ ਵਿਖੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ 92 ਸੀਟਾਂ ਦੇ ਕੇ ਬੇਮਿਸਾਲ ਫਤਵਾ ਦਿੱਤਾ ਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਬਣਾਈ,ਪਰ ਜਲਦੀ ਹੀ ਲੋਕਾਂ ਦਾ ਇਸ ਸਰਕਾਰ ਤੋਂ ਮੋਹ ਭੰਗ ਹੁੰਦਾ ਨਜਰ ਆ ਰਿਹਾ ਹੈ,ਅਜੇ ਰਾਜ ਸਭਾ ਦੀਆਂ ਪੰਜ ਸੀਟਾਂ ਦਾ ਲੋਕਾਂ ਦਾ ਗੁੱਸਾ ਠੰਡਾ ਨਹੀਂ ਹੋਇਆ ਕਿ ਅਤੇ ਹੁਣ ਐਸ ਵਾਈ ਐਲ ਤੇ ਹਰਿਆਣਾ ਪੱਖੀ ਪਾਣੀਆਂ ਦੀ ਗੱਲ ਕਰਨ ਤੇ ਪੰਜਾਬ ਦੇ ਲੋਕਾਂ ਦਾ ਗੁੱਸਾ ਸੱਤਵੇਂ ਅਸਮਾਨ ਤੇ ਚੜਨਾ ਸੁਭਾਵਿਕ ਹੀ ਹੈ ਅਤੇ 600 ਯੂਨਿਟ ਮੁਆਫ਼ ਕਰਨ ਤੇ ਲੋਕਾਂ ਨਾਲ ਧੋਖਾ ਦੇਣ ਖ਼ਾਸ ਕਰਕੇ ਜਨਰਲ ਵਰਗ ਦੇ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ ਤੇ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਐਸ ਵਾਈ ਐਲ ਮੁੱਦੇ ਤੇ ਪੰਜਾਬੀਆਂ ਨੂੰ ਪੰਜਾਬ ਸਰਕਾਰ ਵਿਰੁੱਧ ਮੋਰਚਾ ਹੀ ਨਾ ਲਗਾਉਣਾ ਪੈ ਜਾਵੇ। ਇਸ ਮੌਕੇ ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸਰਪੰਚ ਸਤਨਾਮ ਸਿੰਘ ਕਾਜੀਕੋਟ, ਸਰਪੰਚ ਅੰਗਰੇਜ਼ ਸਿੰਘ ਖੈੜੇ, ਸਰਪੰਚ ਕੁਲਵਿੰਦਰ ਸਿੰਘ ਸਿੱਧਵਾਂ, ਦਲਜੀਤ ਸਿੰਘ ਪਾਖਰਪੁਰਾ, ਸ਼ਮਸ਼ੇਰ ਸਿੰਘ ਬਾਬੋਵਾਲ, ਮੁਕੇਸ਼ ਕੁਮਾਰ ਭਨੋਟ, ਸਾਂਭੀ ਰੂਪੋਵਾਲੀ, ਨੰਬਰਦਾਰ ਹਰਿੰਦਰ ਸਿੰਘ ਕੋਟਲੀ ਢੋਲੇਸਾਹ, ਨਵਤੇਜ ਸਿੰਘ ਸੋਹੀਆਂ, ਸੁਖਚੈਨ ਸਿੰਘ ਭੰਗਵਾਂ, ਮੰਗਲ ਸਿੰਘ ਅਤੇ ਹਰਪ੍ਰੀਤ ਸਿੰਘ ਕਾਂਗਰਸੀ ਆਗੂ ਵੀ ਹਾਜ਼ਰ ਸਨ।

## ਵਧੀਕ ਡਿਪਟੀ ਕਮਿਸ਼ਨਰ ਡਾ. ਅਮਨਦੀਪ ਕੋਰ ਵਲੋਂ ਅੱਜ ਸਵੱਖਤੇ ਸ਼ਹਿਰ ਅੰਦਰ ਸਫਾਈ ਵਿਵਸਥਾ ਦਾ ਜਾਇਜ਼ਾ

**ਗੁਰਦਾਸਪੁਰ/ਨਵਨੀਤ ਕੁਮਾਰ**

ਡਾ. ਅਮਨਦੀਪ ਕੋਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਗੁਰਦਾਸਪੁਰ ਵਲੋਂ ਅੱਜ ਸਵੱਖਤੇ ਕਰੀਬ 6.30 ਵਜੇ ਗੁਰਦਾਸਪੁਰ ਸ਼ਹਿਰ ਦਾ ਦੌਰਾ ਕੀਤਾ ਗਿਆ ਤੇ ਸਫਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਅਸ਼ੋਕ ਕੁਮਾਰ ਈ.ਓ ਨਗਰ ਕੌਂਸ਼ਲ ਗੁਰਦਾਸਪੁਰ ਵੀ ਮੋਜੂਦ ਸਨ। ਇਸ ਮੌਕੇ ਗੱਲ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਡਾ. ਅਮਨਦੀਪ ਕੋਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਆਦੇਸਾਂ ਤਹਿਤ ਸ਼ਹਿਰ ਅੰਦਰ ਸਫਾਈ ਵਿਵਸਥਾ ਨੂੰ ਬਰਕਾਰ ਰੱਖਣ ਦੇ ਮੰਤਵ ਨਾਲ ਅੱਜ ਉਨਾਂ ਵਲੋਂ ਗੁਰਦਾਸਪੁਰ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ (ਹਨੂੰਮਾਨ ਚੋਕ ਤੇ ਜਹਾਜ਼ ਚੋਂਕ) ਦਾ ਦੋਰਾ ਕੀਤਾ ਗਿਆ ਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਸ਼ਹਿਰ ਅੰਦਰ ਸਫਾਈ ਵਿਵਸਥਾ ਨੂੰ ਠੀਕ ਰੱਖਣ ਵਿਚ ਕੋਈ ਢਿੱਲਮੱਠ ਨਾ ਵਰਤੀ ਜਾਵੇ। ਉਨਾਂ ਨਗਰ ਕੋਂਸਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਗਲੀਆਂ ਤੇ ਬਜਾਰਾਂ ਵਿਚ ਰੋਜਾਨਾ ਗੰਦਗੀ ਦੇ ਢੇਰਾਂ ਨੂੰ ਚੁੱਕਣ ਵਿਚ ਤੇਜ਼ੀ ਵਰਤਣ ਅਤੇ ਗਰਮੀ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਮੋਸਮੀ ਬਿਮਾਰੀਆਂ ਤੋਂ ਬਚਾਅ ਲਈ ਲਗਾਤਾਰ ਸਪਰੇਅ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਅੱਜਕੱਲ ਦੇ ਦਿਨਾਂ ਵਿਚ ਮੱਛਰਾਂ ਆਦਿ ਦੀ ਭਰਮਾਰ ਵੱਧ ਜਾਂਦੀ ਹੈ ਜੋ ਮਲੇਰੀਆ ਬੁਖਾਰ ਨੂੰ ਬੜਾਵਾ ਦਿੰਦੀ ਹੈ, ਇਸ ਲਈ ਸਫਾਈ ਵਿਵਸਥਾ ਵਿਚ ਕੋਈ ਕਮੀਂ ਨਹੀਂ ਆਉਣੀ ਚਾਹੀਦੀ ਹੈ।

# ਯੂਨੀਵਰਸਿਟੀਆਂ ਦੇਸ਼ ਲਈ ਗਿਆਨਵਾਨ ਅਤੇ ਸਭਿਅਕ ਨਾਗਰਿਕ ਪੈਦਾ ਕਰ ਰਹੀਆਂ ਹਨ - ਰਾਜਪਾਲ, ਪੰਜਾਬ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**




ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਨੇ 20 ਅਪ੍ਰੈਲ 2022 ਨੂੰ ਆਪਣੀ ਦੂਜੀ ਕਨਵੋਕੇਸ਼ਨ, ਪਾਲ ਆਡੀਟੋਰੀਅਮ, ਪੀ ਏ ਯੂ ਕੈਂਪਸ ਵਿਖੇ ਆਯੋਜਿਤ ਕੀਤੀ।

ਕਨਵੋਕੇਸ਼ਨ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਰਾਜਪਾਲ ਅਤੇ ਯੂਨੀਵਰਸਿਟੀ ਦੇ ਮਾਣਯੋਗ ਚਾਂਸਲਰ, ਸ਼੍ਰੀ ਬਨਵਾਰੀਲਾਲ ਪੁਰੋਹਿਤ ਨੇ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਖੋਜ ਪ੍ਰੋਗਰਾਮਾਂ ਨੂੰ ਸਫ਼ਲਤਾਪੂਰਵਕ ਪੂਰਿਆਂ ਕਰਨ ਤੋਂ ਬਾਅਦ ਡਿਗਰੀਆਂ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ ਵਧਾਈ ਦਿੱਤੀ।ਉਨ੍ਹਾਂ ਉਮੀਦ ਕੀਤੀ ਕਿ ਉਹ ਆਪਣੇ ਪੇਸ਼ੇਵਰ ਜੀਵਨ ਵਿਚ ਹਰ ਕਿਸਮ ਦੀਆਂ ਚੁਣੌਤੀਆਂ ਦਾ ਸੁਚੱਜੇ ਢੰਗ ਨਾਲ ਸਾਹਮਣਾ ਕਰਨਗੇ ਤਾਂ ਜੋ ਪਸ਼ੂ ਪਾਲਣ ਖੇਤਰ ਅਤੇ ਸਮਾਜਿਕ ਜੀਵਨ ਵਿਚ ਉਨ੍ਹਾਂ ਦਾ ਨਿੱਗਰ ਯੋਗਦਾਨ ਪੈ ਸਕੇ।ਉਨ੍ਹਾਂ ਨੇ ਦੇਸ਼ ਲਈ ਗਿਆਨਵਾਨ, ਵਿਦਵਾਨ ਅਤੇ ਸਭਿਅਕ ਨਾਗਰਿਕ ਪੈਦਾ ਕਰਨ ਲਈ ਯੂਨੀਵਰਸਿਟੀਆਂ ਦੀਆਂ ਭੂਮਿਕਾ ਨੂੰ ਸਰਾਹਿਆ।ਉਨ੍ਹਾਂ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਪਸ਼ੂਧਨ ਖੇਤਰ ਦੇ ਯੋਗਦਾਨ ਦੀ ਵੀ ਪ੍ਰਸ਼ੰਸਾ ਕੀਤੀ।ਉਨ੍ਹਾਂ ਕਿਹਾ ਕਿ 2019 ਵਿਚ ਭਾਰਤ ਸਰਕਾਰ ਵਲੋਂ ਵੱਖਰਾ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲਾ ਸਿਰਜਣ ਤੋਂ ਬਾਅਦ ਇਸ ਖੇਤਰ ਨੂੰ ਹੁਲਾਰਾ ਦੇਣ ਲਈ ਵਿਤੀ ਵਰ੍ਹੇ 2022-23 ਲਈ ਫੰਡ 40 ਪ੍ਰਤੀਸ਼ਤ ਤੋਂ ਵੀ ਵਧਾ ਦਿੱਤੇ ਗਏ ਹਨ।ਉਨ੍ਹਾਂ ਆਸ ਪ੍ਰਗਟਾਈ ਕਿ ਸਾਡੇ ਵਿਗਿਆਨੀ ਸਾਲ 2030 ਤਕ ਦੁੱਧ ਅਤੇ ਦੁੱਧ ਉਤਪਾਦਾਂ ਦੀ 266.5 ਮਿਲੀਅਨ ਮੀਟ੍ਰਿਕ ਟਨ ਦੀ ਅਨੁਮਾਨਿਤ ਰਾਸ਼ਟਰੀ ਮੰਗ ਨੂੰ ਪੂਰਿਆਂ ਕਰਨ ਲਈ ਇਕ ਮਸੌਦਾ ਤਿਆਰ ਕਰਨਗੇ।ਉਨ੍ਹਾਂ ਕਿਹਾ ਕਿ ਸੰਸਾਰ ਦੇ ਦੂਸਰੇ ਖੇਤਰਾਂ ਵਿਚ ਚਲ ਰਹੀ ਜੰਗ ਕਾਰਣ ਪਸ਼ੂ ਫੀਡ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ ਅਤੇ ਉਹ ਵਿਗਿਆਨੀਆਂ ਤੋਂ ਆਸਵੰਦ ਹਨ ਕਿ ਉਹ ਘੱਟ ਕੀਮਤ ਦੀ ਖੁਰਾਕ ਵਿਕਸਤ ਕਰਨ ਲਈ ਯਤਨ ਕਰਨਗੇ।ਉਨ੍ਹਾਂ ਇਸ ਗੱਲ ’ਤੇ ਖੁਸ਼ੀ ਜ਼ਾਹਿਰ ਕੀਤੀ ਕਿ ਵੈਟਨਰੀ ਯੂਨੀਵਰਸਿਟੀ ਕੋਲ ਰਾਸ਼ਟਰੀ ਪੱਧਰ ’ਤੇ ਸਰਵਉੱਤਮ ਉਤਪਾਦਨ ਵਾਲੀਆਂ ਦੋਗਲੀ ਨਸਲ ਦੀਆਂ ਗਾਵਾਂ ਹਨ ਜਿਨ੍ਹਾਂ ਨੇ ਇਕ ਸੂਏ ਵਿਚ 6000 ਕਿਲੋ ਤੋਂ ਵਧੇਰੇ ਦੁੱਧ ਪੈਦਾ ਕੀਤਾ ਹੈ।ਉਨ੍ਹਾਂ ਕਿਹਾ ਕਿ ਪਸ਼ੂਧਨ ਨੂੰ ਕਈ ਲਾਗ ਵਾਲੀਆਂ ਬਿਮਾਰੀਆਂ ਦੇ ਪ੍ਰਕੋਪ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਲਈ ਸਾਡੇ ਡਾਕਟਰਾਂ ਨੂੰ ਅਜਿਹੇ ਆਸਾਨ ਤਰੀਕੇ ਈਜਾਦ ਕਰਨੇ ਚਾਹੀਦੇ ਹਨ ਜਿਸ ਨਾਲ ਬਿਮਾਰੀ ਦਾ ਛੇਤੀ ਪਤਾ ਲਗ ਸਕੇ ਤਾਂ ਜੋ ਵਧੇਰੇ ਨੁਕਸਾਨ ਤੋਂ ਬਚਿਆ ਜਾ ਸਕੇ।

ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ, ਵੈਟਨਰੀ ਯੂਨੀਵਰਸਿਟੀ ਨੇ ਆਪਣੇ ਕਨਵੋਕੇਸ਼ਨ ਭਾਸ਼ਣ ਵਿਚ 2011 ਵਿਚ ਹੋਈ ਪਿਛਲੀ ਕਨਵੋਕੇਸ਼ਨ ਤੋਂ ਹੁਣ ਤਕ ਯੂਨੀਵਰਸਿਟੀ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਵੇਰਵਾ ਦਿੱਤਾ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਕੋਲ ਬਹੁਤ ਹੀ ਬਿਹਤਰ ਅਤੇ ਨਿਪੁੰਨਤਾ ਵਾਲਾ ਆਧੁਨਿਕ ਬੁਨਿਆਦੀ ਢਾਂਚਾ ਹੈ।ਯੂਨੀਵਰਸਿਟੀ ਦੇ ਅਧਿਆਪਕ ਬਹੁਤ ਨਿਪੁੰਨਤਾ ਨਾਲ ਖੋਜ, ਅਧਿਆਪਨ ਅਤੇ ਪਸਾਰ ਗਤੀਵਿਧੀਆਂ ਨੂੰ ਨਿਭਾਅ ਰਹੇ ਹਨ।ਇਹ ਸੰਸਥਾ ਭਾਰਤੀ ਖੇਤੀ ਖੋਜ ਪਰਿਸ਼ਦ ਵਲੋਂ ਮਾਨਤਾ ਪ੍ਰਾਪਤ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਲੋਂ ਵੀ ਮੰਜ਼ੂਰਸ਼ੁਦਾ ਹੈ।ਵਿਦਿਆਰਥੀ ਇਥੇ ਵੈਟਨਰੀ ਵਿਗਿਆਨ, ਮੱਛੀ ਪਾਲਣ ਵਿਗਿਆਨ, ਡੇਅਰੀ ਵਿਗਿਆਨ ਅਤੇ ਤਕਨਾਲੋਜੀ ਅਤੇ ਐਨੀਮਲ ਬਾਇਓਤਕਨਾਲੋਜੀ ਵਿਚ ਉੱਚ ਪੇਸ਼ੇਵਰ ਸਿੱਖਿਆ ਪ੍ਰਾਪਤ ਕਰ ਸਕਦੇ ਹਨ।ਉਨ੍ਹਾਂ ਨੇ ਯੂਨੀਵਰਸਿਟੀ ਵਿਖੇ ਵੱਖ-ਵੱਖ ਰਾਸ਼ਟਰੀ ਏਜੰਸੀਆਂ ਵਲੋਂ ਦਿੱਤੇ ਗਏ 39 ਕਰੋੜ ਰੁਪਏ ਦੇ ਫੰਡ ਨਾਲ ਚਲ ਰਹੇ 120 ਖੋਜ ਪ੍ਰਾਜੈਕਟਾਂ ਬਾਰੇ ਵੀ ਚਰਚਾ ਕੀਤੀ।ਉਨ੍ਹਾਂ ਨੇ ਯੂਨੀਵਰਸਿਟੀ ਨਾਲ ਜੁੜੇ ਭਾਈਵਾਲਾਂ ਤਕ ਪਹੁੰਚਾਈਆਂ ਜਾ ਰਹੀਆਂ ਪਸਾਰ ਗਤੀਵਿਧੀਆਂ ਨੂੰ ਵੀ ਉਜਾਗਰ ਕੀਤਾ।ਨਾਬਾਰਡ ਬੈਂਕ ਦੀ ਵਿਤੀ ਸਹਾਇਤਾ ਨਾਲ ਚਲਾਏ ਜਾ ਰਹੇ ’ਪਸ਼ੂ ਪਾਲਕ ਟੈਲੀ-ਐਡਵਾਇਜ਼ਰੀ ਕੇਂਦਰ’ ਦੀ ਸਥਾਪਨਾ ਦਾ ਵੀ ਜ਼ਿਕਰ ਕੀਤਾ।ਇਹ ਕੇਂਦਰ ਮੋਬਾਈਲ ਨੰਬਰ - 62832-58834 ਅਤੇ 62832-97917 ਰਾਹੀਂ ਰੋਜ਼ਾਨਾ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਜਵਾਬ ਦੇ ਰਿਹਾ ਹੈ।ਯੂਨੀਵਰਸਿਟੀ ਵਲੋਂ ਨਵੇਂ ਸੰਚਾਰ ਸਾਧਨਾਂ ਜਿਵੇਂ ਯੂਟਿਊਬ ਚੈਨਲ, ਈ-ਮੈਗਜ਼ੀਨ, ਈ-ਨਿਊਜ਼ਲੈਟਰ, ਵੈਬੀਨਾਰ ਅਤੇ ਟਵਿੱਟਰ ਰਾਹੀਂ ਕੀਤੇ ਜਾ ਰਹੇ ਪਸਾਰ ਬਾਰੇ ਵੀ ਉਨ੍ਹਾਂ ਵਿਚਾਰ ਰੱਖੇ।

ਇਸ ਮੌਕੇ ’ਤੇ ਪਸ਼ੂਧਨ ਅਤੇ ਮੱਛੀ ਪਾਲਣ ਦੇ ਖੇਤਰ ਵਿਚ ਸ਼ਲਾਘਾਯੋਗ ਯੋਗਦਾਨ ਪਾਉਣ ਲਈ ਸ਼੍ਰੀ ਤਰੁਣ ਸ਼੍ਰੀਧਰ, ਸੇਵਾ ਮੁਕਤ, ਆਈ. ਏ. ਐਸ. ਅਤੇ ਮੈਂਬਰ (ਪ੍ਰਸ਼ਾਸਕੀ) ਕੇਂਦਰੀ ਪ੍ਰਬੰਧਕੀ ਟ੍ਰਿਬਿਊਨਲ ਨੂੰ ਸਨਮਾਨ ਹਿਤ ਪੀਐਚ.ਡੀ ਦੀ ਆਨਰੇਰੀ ਡਿਗਰੀ ਵੀ ਪ੍ਰਦਾਨ ਕੀਤੀ ਗਈ।

ਡਾ. ਹਰਮਨਜੀਤ ਸਿੰਘ ਬਾਂਗਾ, ਰਜਿਸਟਰਾਰ ਨੇ ਜਾਣਕਾਰੀ ਦਿੱਤੀ ਕਿ 318 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ ਜਿੰਨ੍ਹਾਂ ਨੇ ਡਾਕਟਰ ਆਫ਼ ਫ਼ਿਲਾਸਫ਼ੀ, ਮਾਸਟਰ ਆਫ ਵੈਟਨਰੀ ਸਾਇੰਸ, ਮਾਸਟਰ ਆਫ਼ ਡੇਅਰੀ ਸਾਇੰਸ ਐਂਡ ਟੈਕਨਾਲੋਜੀ, ਮਾਸਟਰ ਆਫ਼ ਫ਼ਿਸ਼ਰੀਜ਼ ਸਾਇੰਸ, ਮਾਸਟਰ ਆਫ਼ ਵੈਟਨਰੀ ਸਾਇੰਸ/ਮਾਸਟਰ ਆਫ਼ ਸਾਇੰਸ (ਬਾਇਓਟੈਕਨਾਲੋਜੀ), ਬੈਚਲਰ ਆਫ਼ ਵੈਟਨਰੀ ਸਾਇੰਸ ਅਤੇ ਐਨੀਮਲ ਹਸਬੈਂਡਰੀ, ਬੈਚਲਰ ਆਫ਼ ਡੇਅਰੀ ਸਾਇੰਸ ਐਂਡ ਟੈਕਨਾਲੋਜੀ, ਬੈਚਲਰ ਆਫ਼ ਫ਼ਿਸ਼ਰੀਜ਼ ਸਾਇੰਸ ਅਤੇ ਬੈਚਲਰ ਆਫ਼ ਬਾਇਓਟੈਕਨਾਲੋਜੀ ਦੇ ਖੇਤਰ ਵਿਚ ਆਪਣੇ ਅਕਾਦਮਿਕ ਪ੍ਰੋਗਰਾਮਾਂ ਨੂੰ ਸਫ਼ਲਤਾ ਸਹਿਤ ਸੰਪੂਰਨ ਕਰ ਲਿਆ ਸੀ।ਯੂਨੀਵਰਸਿਟੀ ਪੱਧਰ ’ਤੇ ਆਪੋ ਆਪਣੇ ਖੇਤਰ ਵਿਚ ਮਹੱਤਵਪੂਰਨ ਕਾਰਗੁਜ਼ਾਰੀ ਦਰਸਾਉਣ ਵਾਲੇ ਵਿਭਿੰਨ ਅਕਾਦਮਿਕ ਸੈਸ਼ਨਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ 24 ਸੋਨੇ ਦੇ ਤਗਮੇ ਵੀ ਦਿੱਤੇ ਗਏ। ਇਸ ਮੌਕੇ ਡਾ. ਉਮੇਸ਼ ਚੰਦਰ ਸ਼ਰਮਾ, ਵੈਟਨਰੀ ਕਾਊਂਸਲ ਆਫ਼ ਇੰਡੀਆ ਦੇ ਪ੍ਰਧਾਨ ਵਿਸ਼ੇਸ਼ ਮਹਿਮਾਨ ਵਜੋਂ ਪਧਾਰੇ।ਯੂਨੀਵਰਸਿਟੀ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ, ਯੂਨੀਵਰਸਿਟੀ ਅਧਿਕਾਰੀਆਂ, ਮੋਹਤਬਰ ਸ਼ਖ਼ਸੀਅਤਾਂ ਅਤੇ ਅਧਿਆਪਕਾਂ ਨੇ ਭਰਵੇਂ ਰੂਪ ਵਿਚ ਸ਼ਮੂਲੀਅਤ ਕੀਤੀ।

# ਡਿਪਟੀ ਕਮਿਸ਼ਨਰ ਵੱਲੋਂ ਆਗਾਮੀ ਮੌਸਮ ਦੌਰਾਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

## ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਲੁਧਿਆਣਾ/ਸੁਖਚੈਨ ਮਹਿਰਾ**

ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਨੇ ਸਿਹਤ ਵਿਭਾਗ, ਨਗਰ ਨਿਗਮ, ਜਨ ਸਿਹਤ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਗਰਮੀ ਦੇ ਮੌਸਮ ਵਿਚ ਫੈਲਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਲਈ ਲੋੜੀਦੇ ਕਦਮ ਚੁੱਕਣ।

ਸ੍ਰੀਮਤੀ ਸੁਰਭੀ ਮਲਿਕ ਅੱਜ ਮਿੰਨੀ ਸਕੱਤਰੇਤ ਵਿਖੇ ਆਪਣੇ ਦਫ਼ਤਰ ਵਿੱਚ ਨੈਸ਼ਨਲ ਵੈਕਟਰ ਬੋਰਨ ਡੀਜ਼ੀਜ਼ ਕੰਟਰੋਲ ਪ੍ਰੋਗਰਾਮ ਅਤੇ ਵਾਟਰ ਬੋਰਨ ਡੀਜ਼ੀਜ਼ ਕੰਟਰੋਲ ਪ੍ਰੋਗਰਾਮ ਤਹਿਤ ਬੀਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹਾ ਪੱਧਰ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਮੌਕੇ ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਅਤੇ ਵਧੀਕ ਡਿਪਟੀ ਕਮਿਸ਼ਨਰ (ਸਹਿਰੀ ਵਿਕਾਸ) ਸ੍ਰੀ ਸੰਦੀਪ ਕੁਮਾਰ ਵੀ ਹਾਜ਼ਰ ਸਨ।



ਡਿਪਟੀ ਕਮਿਸ਼ਨਰ ਨੇ ਨੈਸ਼ਨਲ ਵੈਕਟਰ ਬੋਰਨ ਬੀਮਾਰੀਆਂ ਜਿੰਨਾਂ ਵਿਚ ਮਲੇਰੀਆ, ਡੇਂਗੂ, ਚਿਕਨਗੁਨੀਆ, ਕਾਲਾ ਅਜ਼ਾਰ, ਫਲੇਰੀਆ, ਜਪਾਨੀ ਦਿਮਾਗੀ ਬੁਖਾਰ ਅਤੇ ਵਾਟਰ ਬੋਰਨ ਬੀਮਾਰੀਆਂ ਜਿਵੇ ਗੈਸਟਰੋ, ਹੈਜਾ, ਪੀਲੀਆ, ਟਾਈਫਾਈਡ ਦੀ ਰੋਕਥਾਮ ਲਈ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਹਨਾ ਅਧਿਕਾਰੀਆਂ ਨੂੰ ਇਹਨਾਂ ਬੀਮਾਰੀਆਂ ਦੀ ਰੋਕਥਾਮ ਅਤੇ ਬਚਾਅ ਲਈ ਸਾਵਧਾਨੀਆਂ ਵਰਤਣ ਬਾਰੇ ਲੋਕਾਂ ਨੂੰ ਵੱਡੇ ਪੱਧਰ ਤੇ ਜਾਗਰੂਕ ਕਰਨ ਲਈ ਕਿਹਾ। ਉਹਨਾਂ ਕਿਹਾ ਕਿ ਲੁਧਿਆਣਾ ਇਕ ਉਦਯੋਗਿਕ ਸ਼ਹਿਰ ਹੈ ਅਤੇ ਇਥੇ ਬਿਮਾਰੀਆਂ ਦੇ ਫੈਲਣ ਦਾ ਖਤਰਾ ਆਮ ਸ਼ਹਿਰਾਂ ਨਾਲੋ ਜਿਆਦਾ ਰਹਿੰਦਾ ਹੈ। ਉਹਨਾ ਕਿਹਾ ਕਿ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਘਰਾਂ ਦੇ ਆਸ-ਪਾਸ ਗੰਦਾ ਪਾਣੀ ਖੜਾ ਨਾ ਹੋਣ ਦੇਣ ਅਤੇ ਘਰਾਂ ਦੀਆ ਛੱਤਾਂ ਉਪਰ ਪਾਣੀ ਦੀਆਂ ਟੈਕੀਆਂ, ਘਰਾਂ ਵਿਚ ਪਏ ਕੂਲਰਾਂ ਦੀ ਸਫਾਈ ਅਤੇ ਛੱਤਾਂ ਉਪਰ ਪਏ ਪੁਰਾਣੇ ਬਰਤਨਾਂ ਵਿਚ ਪਾਣੀ ਨਾ ਖੜਾ ਹੋਣ ਦੇਣ। ਉਹਨਾ ਸਿਵਲ ਸਰਜਨ ਨੂੰ ਇਹ ਵੀ ਕਿਹਾ ਕਿ ਉਹ ਸਲੱਮ ਏਰੀਏ, ਗੰਦੇ ਨਾਲੇ ਅਤੇ ਜਿੰਨਾਂ ਥਾਵਾਂ ਤੇ ਪਾਣੀ ਖੜ੍ਹਾ ਰਹਿੰਦਾ ਹੈ, ਉਹਨਾਂ ਥਾਵਾਂ ਤੇ ਮੱਛਰ ਮਾਰਨ ਵਾਲੀ ਦਵਾਈ ਦਾ ਛਿੜਕਾ ਕਰਵਾਉਣ। ਉਹਨਾ ਸਹਾਇਕ ਸਿਵਲ ਸਰਜਨ ਨੂੰ ਕਿਹਾ ਕਿ ਉਹ ਵੱਖ ਵੱਖ ਬੀਮਾਰੀਆਂ ਦੀ ਰੋਕਥਾਮ ਲਈ ਲੋਕਾਂ ਨੂੰ ਵੱਡੇ ਪੱਧਰ ਤੇ ਜਾਗਰੂਕ ਕਰਨ ਲਈ ਪਿੰਡਾਂ ਵਿਚ ਕੈਪ ਲਗਾਉਣ ਅਤੇ ਕਲੋਰੀਨ ਦੀਆਂ ਗੋਲੀਆਂ ਵੀ ਵੰਡਣ। ਉਹਨਾ ਇਹ ਵੀ ਕਿਹਾ ਕਿ ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਦੀ ਲੀਕੇਜ਼ ਚੈਕ ਕਰਵਾ ਕੇ ਤੁਰੰਤ ਬੰਦ ਕਰਵਾਈ ਜਾਵੇ।

ਡਿਪਟੀ ਕਮਿਸ਼ਨਰ ਨੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪਿੰਡਾਂ ਵਿਚ ਜੇ ਕਿਧਰੇ ਕੋਈ ਖੜ੍ਹਾ ਪਾਣੀ ਮਿਲਦਾ ਹੈ ਤਾਂ ਉਸ ਪਾਣੀ ਵਿਚ ਡੀਜਲ ਦਾ ਛਿੜਕਾਓ ਕੀਤਾ ਜਾਵੇ ਤਾ ਕਿ ਮੱਛਰ ਪੈਦਾ ਨਾ ਹੋ ਸਕੇ। ਉਹਨਾ ਜਿਲਾ ਸਿੱਖਿਆ ਅਫਸਰਾਂ ਨੂੰ ਕਿਹਾ ਕਿ ਉਹ ਸਕੂਲਾਂ ਵਿਚ ਸਵੇਰ ਦੀ ਪ੍ਰਾਰਥਨਾ ਸਮੇ ਬੱਚਿਆਂ ਨੂੰ ਇਹਨਾਂ ਬੀਮਾਰੀਆਂ ਦੀ ਰੋਕਥਾਮ ਅਤੇ ਬਚਾਅ ਲਈ ਜਰੂਰੀ ਸਾਵਧਾਨੀਆਂ ਵਰਤਣ ਬਾਰੇ ਜਾਗਰੂਕ ਕਰਨ ਅਤੇ ਬੱਚਿਆਂ ਨੂੰ ਇਸ ਸਬੰਧੀ ਪੈਫਲਿਟ ਵੰਡਣ ਨੂੰ ਯਕੀਨੀ ਬਣਾਉਣ। ਉਹਨਾ ਜਿਲੇ ਦੇ ਸਾਰੇ ਸਰਕਾਰੀ ਦਫਤਰਾਂ ਦੇ ਮੁਖੀਆਂ ਨੂੰ ਕਿਹਾ ਕਿ ਉਹ ਆਪੋ ਆਪਣੇ ਦਫਤਰਾਂ ਵਿਚ ਸਫਾਈ ਨੂੰ ਯਕੀਨੀ ਬਣਾਉਣ ਅਤੇ ਕੂਲਰਾਂ ਦੀ ਸਫਾਈ ਕਰਵਾਈ ਜਾਵੇ ਅਤੇ ਹਫਤੇ ਵਿਚ ਇਕ ਵਾਰ ਜਰੂਰ ਪਾਣੀ ਬਦਲਿਆ ਜਾਵੇ ਤਾਂ ਜੋ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ। ਉਹਨਾ ਕਿਹਾ ਕਿ ਇਸ ਕੰਮ ਵਿਚ ਕੁਤਾਹੀ ਨਾ ਵਰਤੀ ਜਾਵੇ। ਕੂਲਰਾਂ ਦੇ ਪੁਰਾਣੇ ਪੈਡ ਬਦਲੇ ਜਾਣ। ਸ੍ਰੀਮਤੀ ਸੁਰਭੀ ਮਲਿਕ ਵੱਲੋਂ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਘਰਾਂ, ਦਫ਼ਤਰਾਂ ਜਾਂ ਕਿਸੇ ਵੀ ਜਗ੍ਹਾ ਤੇ ਜਿੱਥੇ ਕੂਲਰ, ਡੱਬੇ, ਬਰਤਨ, ਛੱਤ ਆਦਿ ਦੀ ਸਫਾਈ ਕਰਕੇ ਸ਼ੁੱਕਰਵਾਰ ਨੂੰ ਡਰਾਈ ਡੇਅ ਵੱਜੋਂ ਮਨਾਉਣ। ਉਹਨਾਂ ਕਿਹਾ ਕਿ ਮੱਛਰਾਂ ਦੇ ਪ੍ਰਜਨਨ ਚੱਕਰ ਨੂੰ ਤੋੜਨ ਦਾ ਇਹ ਸਭ ਤੋਂ ਉੱਤਮ ਢੰਗ ਹੈ, ਜੋ ਸਿਰਫ ਇੱਕ ਹਫ਼ਤੇ ਅੰਦਰ ਇੱਕ ਅੰਡੇ ਤੋਂ ਪੂਰਾ ਅਡਲਟ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ। ਸਹਾਇਕ ਸਿਵਲ ਸਰਜਨ ਡਾ. ਵਿਵੇਕ ਕਟਾਰੀਆ ਨੇ ਦੱਸਿਆ ਕਿ ਜੇਕਰ ਕਿਸੇ ਵੀ ਵਿਆਕਤੀ ਨੇ ਡੇਂਗੂ ਟੈਸਟ ਕਰਵਾਉਣਾ ਹੋਵੇ ਤਾਂ ਉਹ ਇਹ ਡੇਂਗੂ ਦੇ ਫ਼ਰੀ ਟੈਸਟ ਸਿਵਲ ਹਸਪਤਾਲ ਲੁਧਿਅਣਾ, ਖੰਨਾ ਅਤੇ ਜਗਰਾਓ ਵਿਖੇ ਜਾ ਕੇ ਕਰਵਾ ਸਕਦਾ ਹੈ।

# ਹਲਕਾ ਦੱਖਣੀ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਈਸ਼ਰ ਨਗਰ ਇਲਾਕੇ 'ਚ ਸੜ੍ਹਕ ਦੀ ਮੁਰੰਮਤ ਦੇ ਕੰਮ ਦਾ ਉਦਘਾਟਨ



## -ਕਿਹਾ ! ਹਲਕਾ ਵਾਸੀਆਂ ਦੀ ਸੁਰੱਖਿਅਤ ਤੇ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਮੁੱਖ ਤਰਜ਼ੀਹ

**ਲੁਧਿਆਣਾ/ਸੁਖਚੈਨ ਮਹਿਰਾ, ਰਾਜੇਸ਼ ਕੁਮਾਰ**

ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਸ੍ਰੀਮਤੀ ਰਜਿੰਦਰਪਾਲ ਕੌਰ ਛੀਨਾ ਵੱਲੋਂ ਈਸ਼ਰ ਨਗਰ ਇਲਾਕੇ ਵਿੱਚ ਨਹਿਰ ਪੁੱਲ ਤੋਂ ਲੈ ਕੇ ਈਸ਼ਰ ਨਗਰ ਸੀ-ਬਲਾਕ ਤੱਕ ਸੜ੍ਹਕ ਦੀ ਮੁਰੰਮਤ ਦੇ ਕੰਮ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਛੀਨਾ ਨੇ ਕਿਹਾ ਕਿ ਹਲਕਾ ਲੁਧਿਆਣਾ ਦੱਖਣੀ ਦੇ ਈਸ਼ਰ ਨਗਰ ਇਲਾਕੇ ਵਿੱਚ ਸੜ੍ਹਕਾਂ @ਤੇ ਪਏ ਟੋਏ ਅਕਸਰ ਹਾਦਸਿਆਂ ਨੂੰ ਸੱਦਾ ਦਿੰਦੇ ਹਨ। ਉਨ੍ਹਾਂ ਕਿਹਾ ਉਹ ਹਲਕਾ ਵਾਸੀਆਂ ਦੀ ਸੁਰੱਖਿਅਤ ਅਤੇ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਵਸਨੀਕਾਂ ਵੱਲੋਂ ਉਨ੍ਹਾਂ @ਤੇ ਭਰੋਸਾ ਕਰਦਿਆਂ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਹੁਣ ਉਹ ਇਲਾਕਾ ਵਾਸੀਆਂ ਦੇ ਵਿਸ਼ਵਾਸ਼ ਨੂੰ ਕਾਇਮ ਰੱਖਦਿਆਂ ਅਣਥੱਕ ਮਿਹਨਤ ਰਾਹੀਂ ਜਲਦ ਹੀ ਹਲਕੇ ਦੀਆਂ ਸੜ੍ਹਕਾਂ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

ਵਿਧਾਇਕ ਛੀਨਾ ਨੇ ਕਿਹਾ ਕਿ ਲੋੜ ਅਨੁਸਾਰ ਜਿੱਥੇ ਸੜ੍ਹਕਾਂ ਦੀ ਮੁਰੰਮਤ ਦੀ ਜ਼ਰੂਰਤ ਹੈ ਉੱਥੇ ਮੁਰੰਮਤ ਕੀਤੀ ਜਾਵੇਗੀ ਅਤੇ ਜਿੱਥੇ ਮੁਕੰਮਲ ਸੜ੍ਹਕ ਬਣਾਉਣ ਦੀ ਲੋੜ ਮਹਿਸੂਸ ਹੋਵੇਗੀ ਓਥੇ ਪੂਰੀ ਸੜ੍ਹਕ ਬਣਾਈ ਜਾਵੇਗੀ। ਇਸ ਤੋਂ ਇਲਾਵਾ ਹਲਕਾ ਵਾਸੀਆਂ ਦੀ ਮੰਗ ਅਨੁਸਾਰ ਨਵੀਂਆਂ ਸੜ੍ਹਕਾਂ ਵੀ ਬਣਾਈਆਂ ਜਾਣਗੀਆਂ।

ਉਨ੍ਹਾ ਕਿਹਾ ਕਿ ਹੁਣ ਹਲਕੇ ਦੇ ਲੋਕਾਂ ਨੂੰ ਖੱਜਲ-ਖੁਆਰ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹਲਕੇ ਦੇ ਵਸਨੀਕਾਂ ਨੂੰ ਹਰ ਸੰਭਵ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਇਸ ਮੌਕੇ ਸਰਵ ਸੰਗਤ ਦਰਬਾਰ ਦੇ ਮੁਖੀ ਬਾਬਾ ਕਾਕਾ ਜੀ, ਆਮ ਆਦਮੀ ਪਾਰਟੀ ਦੇ ਸੰਸਥਾਪਕ ਮੈਂਬਰ ਵਿਜੈ ਮੌਰਯਾ, ਪਾਰਟੀ ਦੇ ਵਾਰਡ ਪ੍ਰਧਾਨ ਡਾ. ਜਸਵੀਰ ਸਿੰਘ, ਜਸਵਿੰਦਰ ਸਿੰਘ, ਪੁਨੀਤ ਸਿੰਗਲਾ, ਮੰਗਤ ਰਾਏ ਸਿੰਗਲਾ, ਮਨੀਸ਼ ਸਿੰਗਲਾ, ਦੀਪਕ ਗਿੱਲ, ਰਣਵੀਰ ਸਿੰਘ, ਹਰਿੰਦਰ ਸਿੰਘ, ਰਾਹੁਲ ਬੱਤਰਾ, ਪ੍ਰਵੀਣ ਗਰਗ, ਅਮਨ ਰਾਜਪੂਤ, ਸਿਮਰਨ, ਮਨਜੋਤ ਸਿੰਘ, ਡੀ.ਸੀ. ਗਰਗ, ਜੋਨੀ ਗਰਗ, ਵਿੱਕੀ ਲੋਹਰਾ, ਗੌਤਮ, ਜਤਿਨ ਸਿੰਗਲਾ, ਸੁਖਦੇਵ ਸਿੰਘ, ਮਨਦੀਪ ਸਿੰਘ, ਸਤਨਾਮ ਸਿੰਘ, ਪਲਵਿੰਦਰ ਸਿੰਘ, ਪ੍ਰੀਤਮ ਸਿੰਘ ਕੈਂਥ, ਵਿੱਕੀ ਵੇਗੋਆਣਾ ਤੋਂ ਇਲਾਵਾ ਇਸ਼ਰ ਨਗਰ ਦੇ ਵਸਨੀਕ ਵੀ ਹਾਜ਼ਰ ਸਨ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋ ਪਿੰਡ ਗੱਜੂਗਾਜੀ ਦਾ ਦੌਰਾ



**ਗੁਰਦਾਸਪੁਰ/ਨਵਨੀਤ ਕੁਮਾਰ**

ਸ੍ਰੀ ਦੀਪਕ ਕੁਮਾਰ , ਸੀਨੀਅਰ ਵਾਈਸ ਚੇਅਰਮੈਨ ਅਤੇ ਸ੍ਰੀ ਰਾਜ ਕੁਮਾਰ ਹੰਸ ਮੇਬਰਜ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋ ਪਿੰਡ ਗੱਜੂਗਾਜੀ ਤਹਿਸੀਲ ਧਾਰੀਵਾਲ, ਜਿਲ੍ਹਾ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ , ਜਿੱਥੇ ਉਨ੍ਹਾਂ ਵੱਲੋ ਸ੍ਰੀ ਮਤੀ ਸਰਬਜੀਤ ਕੌਰ ਪਤਨੀ ਲੇਟ ਮੰਗਲ ਸਿੰਘ ਦੀ ਸਿਕਾਇਤ ਦੀ ਪੜਤਾਲ ਕੀਤੀ ਗਈ । ਇਸ ਮੌਕੇ ਐਸ . ਡੀ . ਐਮ. ਗੁਰਦਾਸਪੁਰ ਅਮਨਪ੍ਰੀਤ ਸਿੰਘ , ਡੀ .ਐਸ .ਪੀ ਮੋਹਨ ਸਿੰਘ ,ਜਿਲ੍ਹਾ ਭਲਾਈ ਅਫਸਰ ਸੁਖਵਿੰਦਰ ਸਿੰਘ ਅਤੇ ਸਰਬਜੀਤ ਸਿੰਘ ਗਿੱਲ ਪ੍ਰਧਾਨ ਆਦਿ ਮੌਜੂਦ ਸਨ । ਇਸ ਮੌਕੇ ਤੇ ਉਨ੍ਹਾਂ ਨੇ ਗੱਲਬਾਤ ਕਰਦਿਆ ਕਿਹਾ ਕਿ ਸਵ: ਮੰਗਲ ਸਿੰਘ ਸਪੁੱਤਰ ਅਜੀਤ ਸਿੰਘ ਵਾਸੀ ਗੱਜੂਗਾਜੀ , ਜਿਸ ਦੀ ਮੌਤ ਪਿਛਲੇ ਕੁਝ ਮਹੀਨੇ ਪਹਿਲਾਂ ਕਿਸੇ ਕਿਸਾਨ ਦੇ ਘਰ ਕੰਮ ਕਰਦਿਆ ਹੋਈ ਸੀ , ਉਸ ਦੀ ਪਤਨੀ ਸਰਬਜੀਤ ਕੌਰ ਵੱਲੋ ਐਸ ਸੀ ਕਮਿਸ਼ਨ ਪੰਜਾਬ ਨੂੰ ਦਰਖਾਸਤ ਦਿੱਤੀ ਕਿ ਮੇਰੇ ਪਤੀ ਦਾ ਕਤਲ ਹੋਇਆ ਹੈ । ਇਸ ਦੇ ਸਬੰਧ ਵਿੱਚ ਅੱਜ ਉਹ ਆਪਣੀ ਸਮੁੱਚੀ ਟੀਮ ਨਾਲ ਪਿੰਡ ਗੱਗੂਗਾਜੀ ਵਿੱਚ ਪਹੁੰਚੇ ਹਨ । ਇਸ ਮੌਕੇ ਤੇ ਵਾਈਸ ਚੇਅਰਮੈਨ ਨੇ ਦੱਸਿਆ ਕਿ ਸ੍ਰੀ ਮਤੀ ਸਰਬਜੀਤ ਕੋਰ ਪਤਨੀ ਲੇਟ ਮੰਗਲ ਸਿੰਘ ਨੇ ਕਿਹਾ ਪੁਲਿਸ ਵੱਲੋ 174 ਦੀ ਕਾਰਵਾਈ ਕੀਤੀ ਗਈ ਸੀ ਪਰ ਉਸ ਦੇ ਪਤੀ ਦਾ ਕਤਲ ਹੋਇਆ ਹੈ । ਇਸ ਲਈ ਉਨ੍ਹਾਂ ਵੱਲੋ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਐਸ ਡੀ ਐਮ ਗੁਰਦਾਸਪੁਰ ਸ੍ਰੀ ਅਮਨਪ੍ਰੀਤ ਸਿੰਘ ਅਤੇ ਹਲਕਾ ਧਾਰੀਵਾਲ ਦੇ ਡੀ ਐਸ ਪੀ ਮੋਹਨ ਸਿੰਘ ਨੂੰ ਮੈਬਰ ਬਣਾਇਆ ਗਿਆ ਹੈ । ਉਨ੍ਹਾ ਕਿਹਾ ਕਿ ਡੀ .ਐਸ.ਪੀ.ਨੂੰ ਹਦਾਇਤ ਕੀਤੀ ਕਿ 29 ਅਪ੍ਰੈਲ 2022 ਦਿਨ ਸੁਕਰਵਾਰ ਨੂੰ ਇਨਕੁਆਰੀ ਕਰਕੇ ਚੰਡੀਗੜ੍ਹ ਦਫਤਰ ਵਿੱਚ ਹਾਜਰ ਹੋ ਕਿ ਰਿਪੋਰਟ ਪੇਸ਼ ਕਰਨ।

# ਡੀਜੋ ਨੇ ਅੱਜ ਦੇ ਫੈਸ਼ਨ ਪ੍ਰੇਮੀਆਂ ਲਈ ਸਲਿੱਮ ਅਤੇ ਖ਼ੂਬਸੂਰਤ ਕਵਰਡ ਬਾਡੀ ਦੇ ਨਾਲ ਰੈਕਟੈਂਗੁਲਰ ਸਮਾਰਟਵਾਚ - ਡੀਜੋ ਵਾਚ ਐਸ ਲਾਂਚ ਕੀਤੀ


**ਚੰਡੀਗੜ੍ਹ/ਲੋਕ ਬਾਣੀ**

ਰੀਅਲਮੀ ਟੇਕਲਾਈਫ ਈਕੋਸਿਸਟਮ ਦੇ ਤਹਿਤ ਪਹਿਲੇ ਬ੍ਰਾਂਡ, ਡੀਜੋ ਨੇ ਅੱਜ ਬ੍ਰਾਂਡ ਵੱਲੋਂ ਪਹਿਲੀ ਰੈਕਟੈਂਗੁਲਰ ਸਮਾਰਟਵਾਚ ਡੀਜੋ ਵਾਚ ਐਸ ਦਾ ਲਾਂਚ ਕੀਤਾ । ਗ੍ਰਾਹਕ ਦੀਆਂ ਭਿੰਨ ਅਤੇ ਅਦਭੁਤ ਫੈਸ਼ਨ ਅਭਿਰੂਚੀ ਦੇ ਅਨੁਸਾਰ ਡਿਜਾਇਨ ਕੀਤੀ ਗਈ, ਲੇਟੇਸਟ ਡੀਜੋ ਵਾਚ ਐਚ @ਚ ਰੈਕਟੈਂਗੁਲਰ ਅਤੇ ਸਲਿੱਮ ਬਾਡੀ, ਖ਼ੂਬਸੂਰਤ, ਕਵਰਡ ਗਲਾਸ, ਕਵਰਡ ਬਾਡੀ, ਮੈਟਲ ਫ੍ਰੇਮ, 1.57@@ (4 ਸੈਮੀ.) ਦੀ ਸਕ੍ਰੀਨ, ਸਭ ਤੋਂ ਵੱਡਾ ਰੈਕਟੈਂਗੁਲਰ ਡਿਸਪਲੇ, 550 ਨਿਟਸ ਦੀ ਹਾਈ ਬ੍ਰਾਈਟਨੈਸ, ਪਰਸਨਲਾਈਜੇਸ਼ਨ ਦੇ ਵਿਕਲਪ ਦੇ ਨਾਲ 150 ਨਾਲੋਂ ਜਿਆਦਾ ਵਾਚ ਫੇਸ ਅਤੇ ਤਿੰਨ ਵਿਚਿੱਤਰ ਅਤੇ ਟਰੈਂਡੀ ਕਲਰ ਵਿਕਲਪ ਹਨ । ਰੈਕਟੈਂਗੁਲਰ ਡਾਯਲ ਪ੍ਰੇਮੀਆਂ ਨੂੰ ਹੁਣ ਅਤਿਅਧੁਨਿਕ ਹੈਲਥ ਅਤੇ ਮਲਟੀ-ਸਪੋਰਟ ਟਰੈਕਿੰਗ ਦੀ ਸੁਵਿਧਾ ਅਤੇ ਹੋਰ ਉੱਤਮ ਖਾਸੀਅਤਾਂ ਬਹੁਤ ਹੀ ਆਕਰਸ਼ਕ ਕੀਮਤ @ਚ ਮਿਲਣਗੀਆਂ । ਡੀਜੋ ਭਾਰਤ ਦੇ ਸਮਾਰਟਵਾਚ ਦੇ ਬਜਾਰ ਅਤੇ ਹੋਰ ਸੰਸਾਰ ਪੱਧਰੀ ਬਜਾਰਾਂ @ਚ ਸ਼ਾਨਦਾਰ ਕੀਮਤਾਂ ਦੇ ਨਾਲ ਅਤਿਅਧੁਨਿਕ ਟੈਕਨੋਲਾਜੀ ਵਾਲੇ ਉਤਪਾਦ ਪ੍ਰਦਾਨ ਕਰਕੇ ਆਪਣੀ ਸਮਰੱਥਾ ਨੂੰ ਪ੍ਰਮਾਣਿਤ ਕਰ ਰਿਹਾ ਹੈ, ਜਿਸਦਾ ਮਕਸਦ ਟੈਕਨੋਲਜੀ ਨੂੰ ਆਮ ਜਨਸਮੂਹ ਤੱਕ ਪਹੁੰਚਾਉਣਾ ਹੈ । ਇਹ ਬ੍ਰਾਂਡ ਭਾਰਤ @ਚ ਕਾਊਂਟਰ ਪੁਆਇੰਟ ਦੀ ਲੇਟੇਸਟ ਸਮਾਰਟਵਾਚ ਸ਼ਿਪਮੈਂਟ ਰਿਪੋਰਟ ਦੇ ਅਨੁਸਾਰ ਟਾਪ 10 ਸਮਾਰਟਵਾਚ ਬ੍ਰਾਂਡਾਂ ਦੀ ਸੂਚੀ @ਚ ਆਈ ਹੈ । ਇਸਦੀ ਸਭ ਤੋਂ ਨਵੀਂ ਵਾਚ - ਡੀਜੋ ਐਸ ਫੈਸ਼ਨ ਦੇ ਕਵੋਸ਼ੈਂਟ ਨੂੰ ਵਧਾ ਕੇ 110 ਨਾਲੋਂ ਜਿਆਦਾ ਸਪੋਰਟਸ ਮੋਡਸ, 1.5 ਮੀਟਰ ਵਾਟਰ ਰਜਿਸਟੈਂਸ, 10 ਦਿਨ ਦੀ ਬੈਟਰੀ ਲਾਈਫ ਅਤੇ ਹੋਰ ਸਮਾਰਟ ਫੀਚਰਸ ਪ੍ਰਦਾਨ ਕਰਦੀ ਹੈ, ਜਿਸਦੇ ਕਾਰਨ ਇਹ ਜਨਰੇਸ਼ਨ ਜੈਡ ਦੇ ਯੂਜਰਸ - ਫੈਸ਼ਨ ਪ੍ਰੇਮੀਆਂ, ਫਿਟਨੈਸ ਪ੍ਰੇਮੀਆਂ ਅਤੇ ਟੇਕਪ੍ਰੇਮੀਆਂ ਦੇ ਲਈ ਬਹੁਤ ਆਕਰਸ਼ਕ ਉਤਪਾਦ ਹੈ ।



ਇਸ ਐਲਾਨ ਦੇ ਬਾਰੇ @ਚ ਡੀਜੋ ਇੰਡੀਆ ਦੇ ਸੀਈਓ, ਅਭਿਲਾਸ਼ ਪਾਂਡਾ ਨੇ ਕਿਹਾ, @ਡੀਜੋ ਵਾਚ ਐਸ ਦੇ ਲਾਂਚ ਦੇ ਨਾਲ ਮੈਂ ਇਹ ਦੱਸਦੇ ਹੋਏ ਬਹੁਤ ਉਤਸਾਹਿਤ ਹਾਂ ਕਿ ਅਸੀਂ ਆਪਣੇ ਗ੍ਰਾਹਕਾਂ ਦੀਆਂ ਖਾਸ ਜਰੂਰਤਾਂ, ਖਾਸ ਕਰਕੇ ਰੈਕਟੈਂਗੁਲਰ ਡਾਯਲ ਪਸੰਦ ਕਰਨ ਵਾਲਿਆਂ ਦੇ ਲਈ ਇੱਕ ਉੱਤਮ ਸਮਾਧਾਨ ਲੈ ਕੇ ਆਏ ਹਾਂ । ਸਾਡੀ ਲੇਟੇਸਟ ਸਮਾਰਟਵਾਚ ਬਾਂਹ ਦੇ ਲਈ ਇੱਕ ਪਰਫੈਕਟ ਅਸੈਸਰੀ ਹੈ ਅਤੇ ਇਹ ਯੂਜਰਸ ਨੂੰ ਉਬਰ ਕੂਲ ਲੁੱਕ ਪ੍ਰਦਾਨ ਕਰਦੀ ਹੈ, ਨਾਲ ਹੀ ਹੈਲਥ ਅਤੇ ਫਿਟਨੈਸ ਮਾਨਿਟਰਿੰਗ ਅਤੇ ਹੋਰ ਸਮਾਰਟ ਫੀਚਰਾਂ ਦੇ ਕਾਰਨ ਇਹ ਬਹੁਤ ਆਕਰਸ਼ਕ ਪ੍ਰਸਤਾਵ ਹੈ । ਅਸੀਂ ਆਪਣੇ ਗ੍ਰਾਹਕਾਂ ਨੂੰ ਸਟਾਈਲ @ਚ #BeDifferent ਬਣਾਉਣ ਦੇ ਲਈ ਦਿ ?ੜ ਨਿਸ਼ਚਿਤ ਹਾਂ ਅਤੇ ਸਮਾਰਟਵਾਚ ਦੇ ਅਜਿਹੇ ਬੋਲਡ ਫੀਚਰ ਪ੍ਰਦਨ ਕਰ ਰਹੇ ਹਾਂ, ਜਿਹੜੇ ਵਿਅਕਤੀ ਦੇ ਕਲੈਕਸ਼ਨ ਅਤੇ ਯੂਜਰ ਅਨੁਭਵ ਨੂੰ ਵਧਾ ਦੇਣਗੇ ।

# ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸ਼ਿਕਾਇਤਾਂ ਨਿਪਟਾਉਣ ਲਈ ਕੀਤੀ ਜਾ ਰਹੀ ਕਾਰਵਾਈ ਦਾ ਲਿਆ ਜਾਇਜ਼ਾ



**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਜ਼ਿਲ੍ਹਾ ਵਾਸੀਆਂ ਦੀਆਂ ਮੁਸ਼ਕਿਲਾਂ ਸੁਣਨ ਤੇ ਹੱਲ ਕਰਨ ਲਈ ਜਾਰੀ ਕੀਤੇ ਗਏ ਫੋਨ ਨੰਬਰਾਂ ’ਤੇ ਪ੍ਰਾਪਤ ਸ਼ਿਕਾਇਤਾਂ ਦਾ ਨਿਸ਼ਚਿਤ ਸਮੇਂ ਅੰਦਰ ਹੱਲ ਕਰਨ ਸਬੰਧਤ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀ ਗਈਆਂ ਹਨ। ਇਸ ਸਬੰਧੀ ਅੱਜ ਡਿਪਟੀ ਕਮਿਸ਼ਨਰ ਵਲੋਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਜੂਮ ਮੀਟਿੰਗ ਕੀਤੀ ਗਈ ਤੇ ਅਧਿਕਾਰੀਆਂ ਨੂੰ ਸਪੱਸ਼ਟ ਸਬਦਾਂ ਵਿਚ ਮੁਸ਼ਕਿਲਾਂ ਹੱਲ ਕਰਨ ਦੇ ਸਖ਼ਤ ਆਦੇਸ਼ ਦਿੱਤੇ ਗਏ ਤੇ ਉਨਾਂ ਕਿਹਾ ਕਿ ਜੇਕਰ ਕੋਈ ਅਧਿਕਾਰੀ ਸ਼ਿਕਾਇਤਾਂ ਨਿਪਟਾਉਣ ਵਿਚ ਦੇਰੀ ਜਾਂ ਅਣਗਹਿਲੀ ਵਰਤਦਾ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਨਾਂ ਅਧਿਕਾਰੀਆਂ ਨੂੰ ਕਿਹਾ ਕਿ ਸ਼ਿਕਾਇਤਾਂ ਸਮਾਂਬੱਧ ਤਰੀਕੇ ਨਾਲ ਨਿਪਟਾਈਆਂ ਜਾਣ ਤਾਂ ਜੋ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਸਮੇਂ ਸਿਰ ਹੱਲ ਹੋ ਸਕੇ। ਉਨਾਂ ਅੱਗੇ ਕਿਹਾ ਕਿ ਹਰ ਸੋਮਵਾਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸ਼ਿਕਾਇਤਾਂ ਦੇ ਹੱਲ ਸਬੰਧੀ ਕੀਤੀ ਗਈ ਕਾਰਵਾਈ ਦਾ ਜਾਇਜ਼ਾ ਲਿਆ ਜਾਵੇਗਾ। ਉਨਾਂ ਕਿਹਾ ਕਿ ਇਹ ਸ਼ਿਕਾਇਤ ਨੰਬਰ ਜਾਰੀ ਕਰਨ ਦਾ ਇਹੀ ਮੁੱਖ ਮੰਤਵ ਹੈ ਕਿ ਲੋਕ ਘਰ ਬੈਠਿਆਂ ਆਪਣੀ ਸ਼ਿਕਾਇਤ ਦੱਸ ਸਕਣ ਤੇ ਉਨਾਂ ਦੇ ਨਿਸ਼ਚਿਤ ਸਮੇਂ ਅੰਦਰ ਨਿਪਟਾਰਾ ਕੀਤਾ ਜਾ ਸਕੇ।

ਦੱਸਣਯੋਗ ਹੈ ਕਿ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲੋਕਾਂ ਦੀ ਸਹੂਲਤ ਲਈ ਆਪਣੇ ਘਰੋਂ ਹੀ ਆਪਣੀ ਮੁਸ਼ਕਿਲ, ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਉਣ ਲਈ ਸ਼ਿਕਾਇਤ ਨੰਬਰ ਜਾਰੀ ਕੀਤੇ ਗਏ ਹਨ, ਜਿਸ ਉੱਪਰ ਲੋਕ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਵਟਸਐਪ ਨੰਬਰ 62393-01830 ਰਾਹੀਂ, ਫੋਨ ਕਰਨ ਲਈ 94640-67839 ਅਤੇ ਈਮੇਲ ceabranchgsp@gmail.com ਰਾਹੀਂ ਸ਼ਿਕਾਇਤ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਉਪਰੋਕਤ ਸ਼ਿਕਾਇਤ ਨੰਬਰਾਂ ’ਤੇ ਲੋਕ, ਜੇਕਰ ਕੋਈ ਵਸੀਕਾ ਨਵੀਸ ਨਿਰਧਾਰਤ ਕੀਤੀ ਗਈ ਸਰਕਾਰੀ ਫੀਸ ਤੋਂ ਵੱਧ ਪੈਸੇ ਲੈਂਦੇ ਹਨ ਤਾਂ ਉਸਦੀ ਸ਼ਿਕਾਇਤ ਵੀ ਇਨਾਂ ਨੰਬਰਾਂ ’ਤੇ ਕੀਤੀ ਜਾ ਸਕਦੀ ਹੈ।

ਇਸ ਮੌਕੇ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਦੱਸਿਆ ਕਿ ਉਪਰੋਕਤ ਜਾਰੀ ਕੀਤੇ ਸ਼ਿਕਾਇਤ ਨੰਬਰਾਂ ’ਤੇ 126 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨਾਂ ਦਾ ਨਿਪਟਾਰਾ ਕਰਨ ਲਈ ਸਬੰਧਤ ਵਿਭਾਗਾਂ ਨੂੰ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪ੍ਰਾਪਤ ਸ਼ਿਕਾਇਤਾਂ ਵਿਚ ਪਿੰਡ ਭੋਲਕੇ ਦੇ ਸਤਪਾਲ ਸਿੰਘ ਵਲੋਂ 2019 ਤੋਂ ਬਾਅਦ ਲੰਬੜਦਾਰ ਦੀ ਤਨਖਾਹ ਨਾ ਮਿਲਣ ਸਬੰਧੀ, ਪਿੰਡ ਘੁਮਾਣ ਦੇ ਕਾਬਲ ਸਿੰਘ ਵਲੋਂ ਰਾਸ਼ਨ ਕਾਰਡ ਨਾ ਬਣਨ ਸਬੰਧੀ, ਪਿੰਡ ਛਿੱਛਰਾ ਤੋਂ ਸਾਬਕਾ ਸੂਬੇਦਾਰ ਮੇਜਰ ਸੁਲੱਖਣ ਸਿੰਘ ਵਲੋਂ ਸ਼ਿਕਾਇਤ ਕੀਤੀ ਗਈ ਕਿ ਧੱਕੇ ਨਾਲ ਉਸਦੀ ਮਾਲਕੀ ਜ਼ਮੀਨ ’ਤੇ ਕਬਜ਼ਾ ਕੀਤਾ ਗਿਆ ਹੈ ਆਦਿ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ।

ਡਿਪਟੀ ਕਮਿਸ਼ਨਰ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜਾਰੀ ਕੀਤੇ ਉਪਰੋਕਤ ਨੰਬਰਾਂ ਸਮੇਤ ਈ.ਮੇਲ ਆਈ.ਡੀ ਉੱਤੇ ਆਪਣੀ ਮੁਸ਼ਕਿਲ ਦੱਸ ਸਕਦੇ ਹਨ, ਜਿਸ ਦਾ ਸਬੰਧਿਤ ਵਿਭਾਗ ਰਾਹੀ ਹੱਲ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇਗਾ।

**ਜ਼ਿਲ੍ਹਾ ਵਾਸੀ ਆਪਣੀ ਮੁਸ਼ਕਿਲ ਵਟਸਐਪ ਨੰਬਰ 62393-01830 ਰਾਹੀਂ, ਫੋਨ ਨੰਬਰ 94640-67839 ਰਾਹੀਂ ਅਤੇ ਈਮੇਲ ਆਈ ਡੀ ceabranchgsp@gmail.com ਰਾਹੀਂ ਦੱਸ ਸਕਦੇ ਹਨ**

# ਜ਼ਿਲ੍ਹਾ ਪੱਧਰ ’ਤੇ ਪੈਨਸ਼ਨ ਅਦਾਲਤ ਲੱਗੀ-23 ਪੈਨਸ਼ਨਰਾਂ ਨੇ ਕੀਤੀ ਸ਼ਿਰਕਤ



**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਜ਼ਿਲ੍ਹਾ ਪੱਧਰ ’ਤੇ ਪੈਨਸ਼ਨ ਅਦਾਲਤ ਲਗਾਈ ਗਈ, ਜਿਸ ਵਿਚ 23 ਪੈਨਸ਼ਨਰਾਂ ਨੇ ਆਪਣੀਆਂ ਸ਼ਿਕਾਇਤਾਂ ਤੋਂ ਜਾਣੂੰ ਕਰਵਾਇਆ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਲਾਕ-ਬੀ ਦੇ ਕਮਰਾ ਨੰਬਰ 417 ਵਿਚ ਲੱਗੀ ਪੈਨਸ਼ਨ ਅਦਾਲਤ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਪਵਿੱਤਰ ਸਿੰਘ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਗੁਰਦਾਸਪੁਰ ਨੇ ਦੱਸਿਆ ਕਿ ਪੈਨਸਨ ਅਦਾਲਤ ਵਿਚ 23 ਪੈਨਸ਼ਨਰਾਂ ਨੇ ਸ਼ਿਰਕਤ ਕੀਤੀ ਤੇ ਉਨਾਂ ਵਲੋਂ ਦੱਸੀਆਂ ਗਈਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਿਕਾਇਤਾਂ ਹੱਲ ਕਰਨ ਲਈ ਸਮਾਂਬੱਧ ਕੀਤਾ ਗਿਆ ਹੈ। ਇਸ ਮੌਕੇ ਬਲਬੀਰ ਸਿੰਘ ਡਿਪਟੀ ਡੀਈਓ (ਪ) ਗੁਰਦਾਸਪੁਰ ਸਮੇਤ ਵੱਖ-ਵੱ ਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਪੈਨਸ਼ਨ ਅਦਾਲਤ ਵਿਚ ਸੇਵਾਮੁਕਤ ਹੋਏ ਪੈਨਸ਼ਨਰਾਂ ਵਲੋਂ ਨਿਰਭਰਤਾ ਸਰਟੀਫਿਕੇਟ, ਰੀਵਾਈਜ਼ਡ ਪੇਅ ਕਮਿਸ਼ਨ ਸਬੰਧੀ, ਪੰਚਾਇਤ ਵਿਭਾਗ ਨਾਲ ਸਬੰਧਤ ਤੇ ਕੁਝ ਸ਼ਿਕਾਇਤ ਏ.ਜੀ ਪੰਜਾਬ ਆਦਿ ਨਾਲ ਸਬੰਧਤ ਹਨ, ਜਿਨਾਂ ਨੂੰ ਨਿਪਟਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਸ਼ਿਕਾਇਤ ਨਿਪਟਾਉਣ ਲਈ ਕਿਹਾ ਗਿਆ ਹੈ। ਸਹਾਇਕ ਕਮਿਸ਼ਨਰ ਗੁਰਦਾਸਪੁਰ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਵਿਭਾਗਾਂ ਤੋਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਪਹਿਲ ਦੇ ਆਧਾਰ ’ਤੇ ਹੱਲ ਕੀਤੀਆਂ ਜਾਣਗੀਆਂ , ਜਿਸ ਸਬੰਧੀ ਸਬੰਧਤ ਵਿਭਾਗਾਂ ਨੂੰ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

# ਵਿਧਾਇਕ ਚੇਤਨ ਸਿੰਘ ਨੇ ਕੀਤਾ ਚੌਕ ਬਾਜ਼ਾਰ ਦਾ ਦੌਰਾ ਕੀਤਾ, ਦੁਕਾਨਦਾਰਾਂ ਨੇ ਕੀਤਾ ਸਨਮਾਨਿਤ

**ਪਟਿਆਲਾ/ਸਮਾਣਾ/ਇਕਬਾਲ ਸਿੰਘ:** ਵਿਧਾਇਕ ਚੇਤਨ ਸਿੰਘ ਜੋੜੇਮਾਜਰਾ ਨੇ ਕੀਤਾ ਚੌਂਕ ਬਾਜ਼ਾਰ ਦਾ ਦੌਰਾ ਇਸ ਸਮੇਂ ਦੁਕਾਨਦਾਰਾਂ ਨੇ ਕੀਤਾ ਸਨਮਾਨਿਤ ਸਮਾਣੇ ਦੇ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ ਨੇ ਬੀਤੇ ਸਮੇਂ ਵਿਚ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਸਮਾਣਾ ਦੇ ਚੌਂਕ ਬਾਜ਼ਾਰ ਦਾ ਕੀਤਾ ਦੌਰਾ ਅਤੇ ਇਸ ਦੌਰਾਨ ਉਹਨਾਂ ਨੇ ਬਜ਼ਾਰ ਦੇ ਦੁਕਾਨਦਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਜਲਦੀ ਹੀ ਸਮੱਸਿਆਵਾਂ ਨੂੰ ਹੱਲ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ ਇਸ ਮੌਕੇ ਦੌਰਾਣ ਦੁਕਾਨਦਾਰਾਂ ਵੱਲੋਂ ਚੇਤਨ ਸਿੰਘ ਜੋੜੇਮਾਜਰਾ ਨੂੰ ਸਨਮਾਨਿਤ ਵੀ ਕੀਤਾ ਗਿਆ।



ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



# ਡਿਪਸ ਦੇ ਵੱਖ-ਵੱਖ ਕਲੱਬਾਂ ਲਈ ਉਮੀਦਵਾਰਾਂ ਨੇ ਘੋਸ਼ਣਾ ਪੱਤਰ ਜਾਰੀ ਕੀਤਾ

**ਜਲੰਧਰ/ਰਕੇਸ਼ ਵਰਮਾ**

ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਡਿਪਸ ਸਕੂਲ ਮਹਿਤਪੁਰ ਵਿਖੇ ਫਲੈਗ ਬੀਅਰਜ਼ਫ੍ਰੈਂਚਾਈਜ਼ੀ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਗਤੀਵਿਧੀ ਦੌਰਾਨ ਪਰਲ, ਸੈਫਾਇਰ, ਡਾਇਮੰਡ ਅਤੇ ਆਈਵਰੀ ਹਾਊਸ ਦੇ ਇੰਚਾਰਜ ਦੁਆਰਾ ਚੁਣੇ ਗਏ ਵਿਦਿਆਰਥੀਆਂ ਨੇ ਉਮੀਦਵਾਰੀ ਦੇ ਅਹੁਦੇ ਲਈ ਆਪਣੇ ਨਾਮ ਦਰਜ ਕਰਵਾਏ। ਹਾਊਸ ਇੰਚਾਰਜ ਨੇ ਦੱਸਿਆ ਕਿ ਇਨ੍ਹਾਂ ਉਮੀਦਵਾਰਾਂ ਦੀ ਚੋਣ ਉਨ੍ਹਾਂ ਦੀ ਪੜ੍ਹਾਈ, ਅਨੁਸ਼ਾਸਨ, ਅਗਵਾਈ, ਉਨ੍ਹਾਂ ਦੇ ਸਹਿਪਾਠੀਆਂ ਅਤੇ ਜੂਨੀਅਰਾਂ ਪ੍ਰਤੀ ਸਦਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਹੈ। ਉਮੀਦਵਾਰਾਂ ਨੇ ਵੱਖ-ਵੱਖ ਅਹੁਦਿਆਂ ਦੀ ਦਾਅਵੇਦਾਰੀ ਲਈ ਆਪਣਾ ਚੋਣ ਮਨੋਰਥ ਪੱਤਰ ਆਪਣੇ ਕਲੱਬ ਦੇ ਵਿਦਿਆਰਥੀਆਂ ਸਾਹਮਣੇ ਰੱਖਿਆ। ਵਿਦਿਆਰਥੀਆਂ ਨੇ ਕਿਹਾ ਕਿ ਉਹ ਅਨੁਸ਼ਾਸਨ ਵਿੱਚ ਰਹਿੰਦਿਆਂ ਹਰ ਕੰਮ ਇਮਾਨਦਾਰੀ ਨਾਲ ਕਰਨਗੇ। ਇਸ ਦੇ ਨਾਲ ਹੀ ਉਹ ਹੋਰ ਵਿਦਿਆਰਥੀਆਂ ਨੂੰ ਵੀ ਇਮਾਨਦਾਰੀ ਨਾਲ ਪੜ੍ਹਾਈ ਕਰਨ ਅਤੇ ਹੋਰ ਗਤੀਵਿਧੀਆਂ ਦਾ ਹਿੱਸਾ ਬਣਨ ਲਈ ਪ੍ਰੇਰਿਤ ਕਰਨਗੇ। ਉਨ੍ਹਾਂ ਵੋਟ ਦੀ ਮਹੱਤਤਾ ਬਾਰੇ ਦੱਸਦਿਆਂ ਸਾਰਿਆਂ ਨੂੰ ਵੋਟਿੰਗ ਵਾਲੇ ਦਿਨ ਆਪਣੀ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਰਿਤੂ ਭੰਡਾਰੀ ਨੇ ਕਿਹਾ ਕਿ ਇਸ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਲੀਡਰਸ਼ਿਪ ਦੀ ਭਾਵਨਾ ਪੈਦਾ ਕਰਨਾ ਹੈ ਤਾਂ ਜੋ ਉਹ ਸਮਝ ਸਕਣ ਕਿ ਸ਼ਹਿਰ, ਸੂਬੇ ਜਾਂ ਦੇਸ਼ ਦੇ ਸਿਆਸੀ, ਆਰਥਿਕ ਅਤੇ ਸਮਾਜਿਕ ਫੈਸਲਿਆਂ ਦੀ ਅਗਵਾਈ ਕਿਵੇਂ ਕਰਨੀ ਹੈ।

# ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਵਿੱਚ ਮਯੰਕ ਫਾਊਂਡੇਸ਼ਨ ਵੱਲੋਂ ਦਿੱਤਾ ਗਿਆ ਵੋਟਰ ਜਾਗਰੂਕਤਾ ਦਾ ਸੁਨੇਹਾ



**ਅੰਮ੍ਰਿਤਸਰ/ਲੋਕ ਬਾਣੀ**

ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਹੰਸ ਰਾਜ ਮਹਿਲਾ ਮਹਾਵਿਦਿਆਲਾ, ਜਲੰਧਰ ਵਿਖੇ ਹੋਏ ਅੰਤਰ-ਕਾਲਜ ਅੰਗਰੇਜ਼ੀ ਸਾਹਿਤਕ ਕੁਇਜ਼ ਮੁਕਾਬਲੇ 'ਚ ਹਿੱਸਾ ਲੈਂਦਿਆਂ ਦੂਜਾ ਸਥਾਨ ਹਾਸਲ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਕਾਲਜ ਦੇ 2 ਵਿਦਿਆਰਥੀਆਂ ਜਸਲੀਨ ਸੈਣੀ (ਐਮ. ਏ. ਇੰਗਲਿਸ਼ ਸਮੈਸਟਰ-4) ਅਤੇ ਸੁਖਮਨਦੀਪ ਸਿੰਘ (ਬੀ.ਏ. ਆਨਰਜ਼ ਅੰਗਰੇਜ਼ੀ ਸਮੈਸਟਰ-5) ਨੇ ਮੁਕਾਬਲੇ 'ਚ ਭਾਗ ਲਿਆ ਅਤੇ ਸ਼ੁਰੂਆਤੀ ਅਤੇ ਅੰਤਿਮ ਰਾਊਂਡ ਦੋਵਾਂ 'ਚ ਦੂਜਾ ਸਥਾਨ ਹਾਸਲ ਕੀਤਾ।

ਇਸ ਮੌਕੇ ਡਾ: ਮਹਿਲ ਸਿੰਘ ਨੇ ਆਪਣੇ ਦਫ਼ਤਰ ਵਿਖੇ ਅਧਿਆਪਕਾਂ ਦੁਆਰਾ ਕਰਵਾਏ ਸਖ਼ਤ ਅਭਿਆਸ ਦੀ ਸ਼ਲਾਘਾ ਕਰਦਿਆਂ ਭਵਿੱਖ 'ਚ ਅਜਿਹੀਆਂ ਮੱਲ੍ਹਾਂ ਮਾਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋ: ਅਨੁਪਮ ਸੰਧੂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ 'ਚ ਬਹੁਤ ਊਰਜਾ ਅਤੇ ਪ੍ਰਤਿਭਾ ਹੁੰਦੀ ਹੈ ਜਿਸ ਨੂੰ ਸਕਾਰਾਤਮਕ ਢੰਗ ਨਾਲ ਪੇਸ਼ ਕਰਨਾ ਹੁੰਦਾ ਹੈ। ਇਸ ਮੌਕੇ ਪ੍ਰੋ: ਗੁਰਪ੍ਰੀਤ ਸਿੰਘ ਅਤੇ ਪ੍ਰੋ: ਹਰਸ਼ ਸਲਾਰੀਆ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਆਜ਼ਾਦ, ਨਿਰਪੱਖ ਤੇ ਪਾਰਦਰਸ਼ੀ ਚੋਣ ਪ੍ਰਕਿਰਿਆ 'ਚ ਅਹਿਮ ਯੋਗਦਾਨ ਲਈ 44 ਹੋਰ ਅਧਿਕਾਰੀ/ਕਰਮਚਾਰੀਆਂ ਦਾ ਸਨਮਾਨ

**ਜਲੰਧਰ/ਰਕੇਸ਼ ਵਰਮਾ**

ਵਿਧਾਨ ਸਭਾ ਚੋਣਾਂ-2022 ਦੌਰਾਨ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਨਿਭਾਈ ਅਹਿਮ ਭੂਮਿਕਾ ਨੂੰ ਮਾਨਤਾ ਦੇਣ ਦੀ ਲੜੀ ਤਹਿਤ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਜਲੰਧਰ ਵਿਖੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ 44 ਹੋਰ ਅਧਿਕਾਰੀ/ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਵਾਲੇ ਅਧਿਕਾਰੀ/ਕਰਮਚਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਨਿਰਵਿਘਨ, ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਲਈ ਉਨ੍ਹਾਂ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਇਸ ਵਿਸ਼ਾਲ ਕਾਰਜ ਨੂੰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਸਦਕਾ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਬਾਇਓ-ਮੈਡੀਕਲ ਵੇਸਟ ਦੇ ਸੁਚੱਜੇ ਨਿਪਟਾਰੇ ਸਮੇਤ ਕੋਵਿਡ ਸਬੰਧੀ ਢੁੱਕਵੇਂ ਵਿਵਹਾਰ ਦੇ ਪਾਲਣਾ ਨੂੰ ਯਕੀਨੀ ਬਣਾਉਂਦੇ ਹੋਏ ਨਿਰਵਿਘਨ ਅਤੇ ਸ਼ਾਂਤੀਪੂਰਨ ਚੋਣਾਂ ਕਰਵਾਉਣ ਲਈ ਕਰੀਬ 20,000 ਸਿਵਲ ਅਤੇ ਪੁਲਿਸ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਸੀ। ਓ _ ਨ ਂ ਅਧਿਕਾਰੀਆਂ/ਕਰਮਚਾਰੀਆਂ ਨੂੰ ਭਵਿੱਖ ਵਿੱਚ ਵੀ ਆਪਣੀ ਪੇਸ਼ੇਵਰ ਜ਼ਿੰਮੇਵਾਰੀ ਪ੍ਰਤੀ ਇਸੇ ਜੋਸ਼ ਅਤੇ ਲਗਨ ਨੂੰ ਬਰਕਰਾਰ ਰੱਖਣ ਦਾ ਸੱਦਾ ਦਿੱਤਾ।

# ਨਗਰ ਨਿਗਮ ਬਟਾਲਾ ਕੂੜੇ ਤੋਂ ਕਰ ਰਿਹਾ ਦੇਸੀ ਖਾਦ ਤਿਆਰ

## ਨਗਰ ਨਿਗਮ ਵੱਲੋਂ ਤਿਆਰ ਕੀਤੀ ਦੇਸੀ ਖਾਦ ਪ੍ਰਤੀ ਕਿਸਾਨਾਂ ਵੱਲੋਂ ਦਿਖਾਈ ਜਾ ਰਹੀ ਹੈ ਵਿਸ਼ੇਸ਼ ਦਿਲਚਸਪੀ

**ਬਟਾਲਾ/ਸੁਖਨਾਮ ਸਿੰਘ**

ਨਗਰ ਨਿਗਮ ਬਟਾਲਾ ਵੱਲੋਂ ਕੂੜੇ ਦਾ ਨਿਪਟਾਰਾ ਵਿਗਿਆਨਿਕ ਢੰਗ ਨਾਲ ਕਰਕੇ ਇਸਦੀ ਖਾਦ ਬਣਾਈ ਜਾ ਰਹੀ ਹੈ ਜਿਸਦੀ ਬਜ਼ਾਰ ਵਿੱਚ ਮੰਗ ਦਿਨੋਂ-ਦਿਨ ਵੱਧਦੀ ਜਾ ਰਹੀ ਹੈ। ਬੀਤੇ ਦਿਨੀ ਬਟਾਲਾ ਵਿਖੇ ਲੱਗੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦੌਰਾਨ ਨਗਰ ਨਿਗਮ ਬਟਾਲਾ ਨੇ ਇੱਕ ਵਿਸ਼ੇਸ਼ ਸਟਾਲ ਲਗਾ ਕੇ ਕੂੜੇ ਤੋਂ ਬਣਾਈ ਕੰਪੋਸਟ ਖਾਦ ਵੇਚਣ ਲਈ ਰੱਖੀ ਸੀ ਅਤੇ ਕਿਸਾਨਾਂ ਨੇ ਇਸ ਦੇਸੀ ਖਾਦ ਪ੍ਰਤੀ ਵਿਸ਼ੇਸ਼ ਦਿਲਚਸਪੀ ਦਿਖਾਈ। ਸਿਖਲਾਈ ਕੈਂਪ ਦੌਰਾਨ ਕਿਸਾਨਾਂ ਵੱਲੋਂ 200 ਕਿਲੋ ਤੋਂ ਵੱਧ ਕੰਪੋਸਟ ਖਾਦ ਨਗਰ ਨਿਗਮ ਤੋਂ ਖਰੀਦੀ ਗਈ।



ਨਗਰ ਨਿਗਮ ਵੱਲੋਂ ਕੂੜੇ ਤੋਂ ਖਾਦ ਬਣਾਉਣ ਦੇ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਕਮਿਸ਼ਨਰ ਸ੍ਰੀ ਰਾਮ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਬੀਤੇ ਕੁਝ ਸਮੇਂ ਤੋਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪਿਟਸ ਬਣਾ ਕੇ ਗਿੱਲੇ ਕੂੜੇ ਤੋਂ ਦੇਸੀ ਖਾਦ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੇ ਸਫਾਈ ਕਰਮੀਆਂ ਵੱਲੋਂ ਪਹਿਲਾਂ ਘਰੋ-ਘਰੀ ਜਾ ਕੇ ਸੁੱਕਾ ਤੇ ਗਿੱਲਾ ਕੂੜਾ ਵੱਖ-ਵੱਖ ਇਕੱਠਾ ਕੀਤਾ ਜਾਂਦਾ ਹੈ ਜਿਸ 'ਚੋਂ ਸੁੱਕੇ ਕੂੜੇ ਨੂੰ ਰੀਸਾਈਕਲ ਲਈ ਐੱਮ.ਆਰ.ਐੱਫ ਯੂਨਿਟ ਭੇਜ ਦਿੱਤਾ ਜਾਂਦਾ ਹੈ ਜਦਕਿ ਗਿੱਲੇ ਕੂੜੇ ਨੂੰ ਪਿੱਟਸ ਵਿੱਚ ਪਾ ਦਿੱਤਾ ਜਾਂਦਾ ਹੈ ਜਿਥੇ ਕੁਝ ਦਿਨਾਂ ਵਿੱਚ ਦੇਸੀ ਖਾਦ ਤਿਆਰ ਕਰ ਲਈ ਜਾਂਦੀ ਹੈ।

ਕਮਿਸ਼ਨਰ ਨਗਰ ਨਿਗਮ ਨੇ ਦੱਸਿਆ ਕਿ ਕੂੜੇ ਤੋਂ ਤਿਆਰ ਕੀਤੀ ਦੇਸੀ ਖਾਦ ਦੀ ਨਗਰ ਨਿਗਮ ਵੱਲੋਂ 10 ਕਿਲੋ, 5 ਕਿਲੋ ਦੀ ਪੈਕਿੰਗ ਕੀਤੀ ਜਾਂਦੀ ਹੈ ਅਤੇ ਕਿਸਾਨ ਇਸ ਖਾਦ ਨੂੰ 10 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਨਗਰ ਨਿਗਮ ਬਟਾਲਾ ਤੋਂ ਖਰੀਦ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਦੇਸੀ ਖਾਦ ਬਹੁਤ ਵਧੀਆ ਅਤੇ ਜ਼ਮੀਨ ਦੀ ਸਿਹਤ ਲਈ ਬਹੁਤ ਲਾਹੇਵੰਦ ਹੈ ਅਤੇ ਕਿਸਾਨਾਂ ਵੱਲੋਂ ਇਸ ਖਾਦ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਹੈ।

ਕਮਿਸ਼ਨਰ ਸ੍ਰੀ ਰਾਮ ਸਿੰਘ ਨੇ ਕਿਹਾ ਗਿੱਲੇ ਕੂੜੇ ਤੋਂ ਖਾਦ ਬਣਾਉਣ ਨਾਲ ਜਿਥੇ ਕੂੜੇ ਦਾ ਨਿਪਟਾਰਾ ਹੋ ਰਿਹਾ ਹੈ ਓਥੇ ਇਹ ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਵੀ ਸਹਾਈ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਲੋਕਾਂ ਨੂੰ ਵੀ ਅੱਗੇ ਆ ਕੇ ਆਪਣੇ ਘਰਾਂ ਵਿੱਚ ਕੂੜੇ ਤੋਂ ਖੁਦ ਵੀ ਖਾਦ ਤਿਆਰ ਕਰਨੀ ਚਾਹੀਦੀ ਹੈ, ਜਿਸਨੂੰ ਉਹ ਆਪਣੇ ਫੁੱਲ-ਬੂਟਿਆਂ ਨੂੰ ਪਾਉਣ ਦੇ ਨਾਲ ਬਜ਼ਾਰ ਵਿੱਚ ਵੀ ਵੇਚ ਸਕਦੇ ਹਨ।

**10 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਨਗਰ ਨਿਗਮ ਬਟਾਲਾ ਤੋਂ ਖਰੀਦੀ ਜਾ ਸਕਦੀ ਹੈ ਦੇਸੀ ਖਾਦ**

# ਬਿਨਾਂ ਯੋਗ ਮੁਆਵਜ਼ੇ ਤੇ ਹੋਰ ਮਸਲੇ ਹੱਲ ਹੋਣ 'ਤੇ ਬਗੈਰ ਕਬਜ਼ਾ ਲੈਣ ਆਏ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਕਿਸਾਨਾਂ ਨੇ ਬੇਰੰਗ ਮੋੜਿਆ



**ਭੁਲੱਥ/ਧਵਨ**

ਕੇਂਦਰ ਸਰਕਾਰ ਵੱਲੋਂ ਪੰਜਾਬ 'ਚੋ ਕੱਢੇ ਜਾ ਰਹੇ ਜੰਮੂ ਕੱਟੜਾ ਦਿੱਲੀ ਐਕਸਪ੍ਰੈਸ਼ ਨੈਸ਼ਨਲ ਹਾਈਵੇ ਨਾਲ ਹਲਕਾ ਭੁਲੱਥ ਦੇ 18 ਪਿੰਡਾਂ ਦੀ ਜ਼ਮੀਨ ਪ੍ਰਭਾਵਿਤ ਹੋਣ ਜਾ ਰਹੀ ਹੈ। ਇਸ ਸਬੰਧੀ ਕਿਸਾਨਾਂ ਨੂੰ ਯੋਗ ਮੁਆਵਜ਼ਾ ਤੇ ਹੋਰ ਖਰਚੇ ਦਿੱਤੇ ਅਤੇ ਦਫਤਰੀ ਮਸਲੇ ਹੱਲ ਹੋਣ 'ਤੋਂ ਬਗੈਰ ਅੱਜ ਕਬਜਾ ਲੈਣ ਗਏ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਪਿੰਡ ਹੁਸੇਵਾਲ ਤੇ ਚੱਕ ਸ਼ਾਹ ਕਾਲਾ ਦੇ ਕਿਸਾਨਾਂ ਨੇ ਬੇਰੰਗ ਮੋੜ ਦਿੱਤਾ। ਇਸ ਮੌਕੇ ਗੁੱਸੇ ਵਿੱਚ ਆਏ ਕਿਸਾਨਾਂ ਨੇ ਹਾਈਵੇ ਅਥਾਰਟੀ ਖਿਲਾਫ ਜੋਰਦਾਰ ਨਾਹਰੇਬਾਜੀ ਕੀਤੀ ਅਤੇ ਚਿਤਾਵਨੀ ਦਿੱਤੀ ਕਿ ਉਹਨਾਂ ਦੀਆਂ ਜਮੀਨਾਂ ਦਾ ਯੋਗ ਮੁਆਵਜ਼ਾ ਤੇ ਹੋਰ ਮਸਲਿਆਂ ਦੇ ਹੱਲ ਕੀਤੇ ਬਿਨਾਂ ਕਬਜ਼ਾ ਨਹੀਂ ਦੇਣਗੇ ਤੇ ਕਿਹਾ ਕਿ ਅਸੀ ਹਰ ਤਰ੍ਹਾਂ ਨਾਲ ਸੰਘਰਸ਼ ਕਰਨ ਲਈ ਤਿਆਰ ਹਾਂ। ਇਸ ਮੌਕੇ ਨੌਜਵਾਨ ਕਿਸਾਨ ਆਗੂ ਜਗਤਾਰ ਸਿੰਘ ਕਾਹਲੋ, ਸਾਬਕਾ ਸਰਪੰਚ ਕਰਨੈਲ ਸਿੰਘ ਹੁਸੇਵਾਲ, ਨੰਬਰਦਾਰ ਬਲਵਿੰਦਰ ਸਿੰਘ ਕਾਹਲੋ ਨੇ ਦੱਸਿਆ ਕਿ ਅਥਾਰਟੀ ਵੱਲੋਂ ਸਮੁੱਚੇ ਪੰਜਾਬ ਵਿੱਚੋ ਹਲਕਾ ਭੁਲੱਥ ਦੇ ਕਿਸਾਨਾਂ ਨੂੰ ਸਭ ਤੋਂ ਘੱਟ ਮੁਆਵਜ਼ਾ ਦਿੱਤਾ ਗਿਆ ਹੈ। ? ਇਸ ਤੋਂ ਇਲਾਵਾ ਖ਼ੇਤਾਂ ਵਿੱਚਲੇ ਰੁੱਖਾਂ, ਮੋਟਰਾਂ ਦੇ ਕਮਰਿਆਂ, ਬੋਰ, ਰਸਤਿਆਂ ਬਾਰੇ ਕੋਈ ਖਰਚਾ ਨਹੀਂ ਦਿੱਤਾ ਗਿਆ ਅਤ ਹੁਣ ਤੂੜੀ ਬਣਾਉਣ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਲਕਾ ਭੁਲੱਥ ਵਿਚ ਸਾਂਝੇ ਖਾਤੇ ਦੀ ਤਕਸੀਮਾਂ, ਵਿਦੇਸ਼ ਗਏ ਕੱਚੇ ਨੌਜਵਾਨਾਂ ਦੀਆਂ ਜਮੀਨਾਂ ਮੁਆਵਜੇ ਬਾਬਤ ਕੋਈ ਠੋਸ ਫੈਸਲੇ ਲੈਣੇ ਅਜੇ ਅਧੂਰੇ ਹਨ ਅਤੇ ਹੋਰ ਤਕਨੀਕੀ ਖਾਮੀਆਂ ਬਹੁਤ ਹਨ। ਕਿਹਾ ਕਿ ਮਿਸਾਲ ਦੇ ਤੌਰ ਤੇ 5 ਏਕੜ ਜ਼ਮੀਨ ਮਾਲਕ ਕਿਸਾਨ ਨੂੰ 5 ਮਰਲੇ ਦੇ ਪੈਸੇ ਦਿੱਤੇ ਜਾ ਰਹੇ, ਜੋ ਕਿਸਾਨਾਂ ਨਾਲ ਸਰਾਸਰ ਧੱਕਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕਿਸਾਨਾਂ ਦੇ ਇਹਨਾਂ ਮਸਲਿਆਂ ਦੇ ਹੱਲ ਲਈ ਅਜੇ ਤੱਕ ਕੋਈ ਆਰਡੀਨੇਟਰ ਵੀ ਨਿਯੁਕਤ ਨਹੀਂ ਕੀਤਾ। ਉਹਨਾਂ ਦੱਸਿਆ ਕਿ ਇਹਨਾਂ ਮਸਲਿਆਂ ਦੇ ਹੱਲ ਲਈ ਅਸੀ ਸਮੇਂ-ਸਮੇਂ ਅਧਿਕਾਰੀਆਂ ਨੂੰ ਮਿਲਦੇ ਰਹੇ ਹਾਂ ਅਤੇ ਕੁੱਝ ਦਿਨ ਪਹਿਲਾਂ ਇਹ ਸਾਰਾ ਮਸਲਾ ਐਸਡੀਐਮ ਭੁਲੱਥ ਦੇ ਧਿਆਨ ਵਿਚ ਲਿਆਂਦਾ ਸੀ, ਪ੍ਰੰਤੂ ਉਹਨਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ? ਕਿਸਾਨਾਂ ਨੇ ਐਲਾਨ ਕੀਤਾ ਕਿ ਸਾਡੇ ਮਸਲਿਆਂ ਦੇ ਹੱਲ ਕੀਤੇ ਬਿਨਾਂ ਉਹ ਕਿਸੇ ਵੀ ਕੀਮਤ ਤੇ ਕਬਜ਼ਾ ਨਹੀਂ ਦੇਣਗੇ, ਭਾਵੇਂ ਕਿੰਨੀ ਵੀ ਕੁਰਬਾਨੀ ਜਾ ਸੰਘਰਸ਼ ਕਿਉਂ ਨਾ ਕਰਨਾ ਪਵੇ ਅਤੇਵਇਸ ਮਕਸਦ ਲਈ ਕਿਸਾਨ ਯੂਨੀਅਨਾਂ ਦਾ ਵੀ ਸਹਿਯੋਗ ਲਿਆ ਜਾਵੇਗਾ। ਇਸ ਮੌਕੇ ਪੁੱਜੇ ਹਾਈਵੇ ਅਥਾਰਟੀ ਦੇ ਅਧਿਕਾਰੀ ਸ਼ਹਿਬਾਜ਼ ਖਾਨ ਨੇ ਦੱਸਿਆ ਕਿ ਅੱਜ ਮੌਕੇ ਤੇ ਤਹਿਸੀਲਦਾਰ ਭੁਲੱਥ ਨੇ ਆਉਣਾ ਸੀ, ਪਰ ਉਹ ਕਿਸੇ ਕਾਰਨ ਨਹੀਂ ਆਏ। ਕਿਸਾਨਾਂ ਨੂੰ ਤੂੜੀ ਬਣਾਉਣ ਲਈ 5 ਦਿਨ ਦਾ ਸਮਾਂ ਦਿੱਤਾ ਗਿਆ ਅਤੇਵਛੋਟੇ ਛੋਟੇ ਖਰਚੇ ਅੱਜ ਸ਼ਾਮ ਤੱਕ ਦੇ ਦਿਤੇ ਜਾਣਗੇ। ਬਾਕੀ ਰਸਤਿਆਂ ਸਬੰਧੀ ਤੇ ਹੋਰ ਮਸਲੇ ਦੋ ਮਹੀਨੇ ਵਿੱਚ ਹੱਲ ਕਰਵਾ ਦਿੱਤੇ ਜਾਣਗੇ। ਅਗਰ ਕਿਸਾਨਾਂ ਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਸਥਾਨਕ ਅਧਿਕਾਰੀਆਂ ਨੂੰ ਮਿਲ ਸਕਦੇ ਹਨ। ਇਸ ਮੌਕੇ ਗੁਰਚਰਨ ਸਿੰਘ, ਭਰਤ ਗਾਭਾ, ਬਲਜਿੰਦਰ ਸਿੰਘ ,ਜਗਤਾਰ ਸਿੰਘ ਕਾਹਲੋ, ਪਲਵਿੰਦਰ ਸਿਘ, ਕਰਨੈਲ ਸਿੰਘ, ਗੁਰਭੇਜ ਸਿੰਘ, ਜਗਜੀਤ ਸਿੰਘ, ਅਜੀਤ ਸਿੰਘ, ਪਰਸ਼ੋਤਮ ਸਿੰਘ, ਲਖਵੀਰ ਸਿੰਘ, ਬਲਵਿੰਦਰ ਸਿੰਘ, ਜੋਗਿੰਦਰ ਸਿੰਘ, ਗੁਰਚਰਨ ਸਿੰਘ, ਸੋਨੂੰ, ਮਨਜੀਤ ਸਿੰਘ, ਓਮਕਾਰ ਸਿੰਘ, ਮਨਜੀਤ ਸਿੰਘ ਤੇ ਕਿਸਾਨ ਹਾਜ਼ਰ ਸਨ।

# ਲੋਕ ਸਭਾ ਇੰਚਾਰਜ ਲੁਧਿਆਣਾ ਅਮਨ ਮੋਹੀ ਨੂੰ ਸਦਮਾ, ਮਾਤਾ ਜੀ ਦਾ ਹੋਇਆ ਦੇਹਾਂਤ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਸ. ਕੁਲਵੰਤ ਸਿੰਘ ਸੰਧੂ ਵੱਲੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਇੰਚਾਰਜ਼ ਲੁਧਿਆਣਾ ਸ. ਅਮਨਦੀਪ ਸਿੰਘ ਮੋਹੀ ਦੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਸ਼ਮਸ਼ੇਰ ਕੌਰ ਦੇ ਦੇਹਾਂਤ @ਤੇ ਉਨ੍ਹਾਂ ਦੇ ਘਰ ਪਹੁੰਚੇ ਅਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾ ਦੇ ਨਾਲ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਵੀ ਮੌਜੂਦ ਸਨ।

ਸਪੀਕਰ ਸੰਧਵਾਂ ਤੇ ਵਿਧਾਇਕ ਸਿੱਧੂ ਨੇ ਸਾਂਝੇ ਤੌਰ @ਤੇ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰ ਨਾਲ ਖੜ੍ਹੇ ਹਨ।

ਪਰਿਵਾਰਕ ਸੂਤਰਾਂ ਅਨੁਸਾਰ ਸਰਦਾਰਨੀ ਸ਼ਮਸ਼ੇਰ ਕੌਰ ਜੋ ਕਿ ਮਿਤੀ 12-04-2022 ਦਿਨ ਮੰਗਲਵਾਰ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਦੀ ਅਰਦਾਸ ਭਲਕੇ 21-04-2022 ਦਿਨ ਵੀਰਵਾਰ ਨੂੰ ਗੁਰਦੁਆਰਾ ਛੱਲਾ ਸਾਹਿਬ ਪਾਤਸ਼ਾਹੀ ਦਸਵੀਂ, ਪਿੰਡ ਮੋਹੀ, ਜ਼ਿਲ੍ਹਾ ਲੁਧਿਆਣਾ ਵਿਖੇ ਦੁਪਹਿਰ 12-00 ਤੋਂ 01-00 ਵਜੇ ਹੋਵੇਗੀ।ਇਸ ਮੌਕੇ ਅਮਨਦੀਪ ਸਿੰਘ ਮੋਹੀ ਦੇ ਪਿਤਾ ਸ. ਅਰਜੁਨ ਸਿੰਘ, ਸ. ਬਲੌਰ ਸਿੰਘ ਮੁੱਲਾਂਪੁਰ, ਸ. ਸੁਖਜੀਵਨ ਸਿੰਘ ਮੋਹੀ, ਸ. ਇਸ਼ਰ ਸਿੰਘ ਮੋਹੀ ਤੋਂ ਇਲਾਵਾ ਹੋਰ ਰਿਸ਼ਤੇਦਾਰ ਵੀ ਮੌਜੂਦ ਸਨ।

# ਖਿਡਾਰੀਆਂ ਦਾ ਚੋਟਾਂ ਨਾਲ ਪੁਰਾਣਾ ਨਾਤਾ, ਪਰ ਹੱਡਿਆਂ ਦੇ ਇਲਾਜ ਵਿਚ ਆਏ ਕ੍ਰਾਂਤੀਕਾਰੀ ਬਦਲਾਅ ਨਾਲ ਕੋਈ ਖਿਡਾਰੀ ਨਹੀਂ ਛੱਡੇਗਾ ਖੇਡਣਾ




**ਸੰਗਰੂਰ/ਲੋਕ ਬਾਣੀ**

ਹੱਡੀ ਦੀ ਚੋਟ ਦੇ ਕਾਰਨ ਪਹਿਲਾਂ ਕਈ ਖਿਡਾਰੀ ਆਪਣਾ ਕਰਿਅਰ ਅੱਧ ਵਿਚ ਛੱਡਣ ਨੂੰ ਮਜਬੂਰ ਹੋ ਜਾਂਦੇ ਸਨ, ਪਰ ਹੁਣ ਹੱਡਿਆਂ ਦੇ ਇਲਾਜ ਵਿਚ ਆਏ ਕ੍ਰਾਂਤੀਕਾਰੀ ਬਦਆਲ ਨਾਲ ਨੌਜਵਾਨ ਖਿਡਾਰੀ ਕਿਸੇ ਵੀ ਤਰਾਂ ਦੀ ਚੋਟ ਨਾਲ ਆਪਣਾ ਕਰਿਅਰ ਵਿੱਚਕਾਰ ਵਿਚ ਨਹੀਂ ਛੱਡਦੇ। ਇਹ ਕਹਿਣਾ ਹੈ ਮੰਨੇ-ਪ੍ਰਮੰਨੇ ਹੱਡੀ ਰੋਗ ਮਾਹਿਰ ਡਾ. ਰਵੀ ਗੁਪਤਾ ਦਾ, ਜੋ ਕਿ ਅੱਜ ਸੰਗਰੂਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਫੋਰਟਿਸ ਹਸਪਤਾਲ ਮੋਹਾਲੀ ਵਿਚ ਸਪਰੋਟਰਸ ਮੈਡੀਸਨ ਦੇ ਡਾਇਰੈਕਟਰ ਡਾ. ਰਵੀ ਗੁਪਤਾ ਨੇ ਕਿਹਾ ਇਨਸਾਨ ਦਾ ਸ਼ਰੀਰ ਇਕ ਮਸ਼ੀਨ ਦੀ ਤਰਾਂ ਹੀ ਕੰਮ ਕਰਦਾ ਹੈ। ਖਿਡਾਰੀ ਹੋਵੇ ਜਾਂ ਕੋਈ ਆਮ ਵਿਅਕਤੀ ਜੇਕਰ ਉਸਦੇ ਕਿਸੇ ਵੀ ਅੰਗ 'ਤੇ ਹਲਕੀ ਜਿਹੀ ਵੀ ਚੋਟ ਲੱਗਦੀ ਹੈ, ਤਾਂ ਉਸਦਾ ਅਸਰ ਪੂਰੇ ਸ਼ਰੀਰ 'ਤੇ ਦਿਖਾਈ ਦਿੰਦਾ ਹੈ। ਸਾਡੇ ਰੋਜ਼ਾਨਾ ਦੇ ਜੀਵਨ ਵਿਚ ਸ਼ਰੀਰ ਵਿਚ ਛੋਟੀ-ਮੋਟੀ ਚੋਟਾਂ ਲੱਗਦੀ ਰਹਿੰਦੀ ਹੈ। ਉਨਾਂ ਕਿਹਾ ਕਿ ਹੱਡਿਆਂ ਦੇ ਇਲਾਜ ਵਿਚ ਕਾਫੀ ਬਦਲਾਅ ਆਉਣ ਨਾਲ ਕਿਸੇ ਵੀ ਤਰਾਂ ਦੀ ਹੱਡੀ ਦੀ ਚੋਟ ਨੂੰ ਠੀਕ ਕੀਤਾ ਜਾ ਸਕਦਾ ਹੈ, ਪਰ ਉਕਤ ਵਿਅਕਤੀ ਸਹੀ ਇਲਾਜ ਦੇ ਲਈ ਅਜਿਹੇ ਹਸਪਤਾਲ ਵਿਚ ਪਹੁੰਚੇ ਜਿੱਥੇ ਹੱਡਿਆਂ ਦੇ ਮਾਹਿਰ ਡਾਕਟਰ ਅਤੇ ਤਕਨੀਕਾਂ ਮੌਜੂਦ ਹੋਣ। ਉਨਾਂ ਦੱਸਿਆ ਕਿ ਉਹ ਆਪਣੇ ਡਾਕਟਰੀ ਕਰਿਅਰ ਵਿਚ ਹੱਡੀ ਦੀ ਚੋਟ ਨਾਲ ਪੀੜਤ ਕਈ ਨੌਜਵਾਨ ਖਿਡਾਰੀਆਂ ਦਾ ਸਫਲ ਇਲਾਜ ਕਰ ਚੁੱਕੇ ਹਨ। ਉਨਾਂ ਦੱਸਿਆ ਕਿ ਹਰ ਹੱਡੀ ਦੇ ਚੋਟ ਵਿਚ ਆਪ੍ਰੇਸ਼ਨ ਦੀ ਜਰੂਰਤ ਨਹੀਂ ਪੈਂਦੀ।

ਉਨਾਂ ਦੱਸਿਆ ਕਿ ਘੁੜਸਵਾਰੀ ਦੇ ਦੌਰਾਨ ਕੋਹਨੀ ਵਿਚ ਗੰਭੀਰ ਚੋਟ ਲੱਗਣ ਕਾਰਨ ਹਾਲ ਹੀ ਵਿਚ ਇਕ ਮਹਿਲਾ ਮਰੀਜ਼ ਉਨਾਂ ਦੇ ਕੋਲ ਪਹੁੰਚੀ ਸੀ, ਜਿਸ ਦੀ ਜਾਂਚ ਕਰਨ 'ਤੇ ਪੱਤਾ ਚੱਲਿਆ ਕਿ ਉਸਦੀ ਕਲਾਈ ਦੇ ਜੋੜਾਂ ਵਿਚ ਕਾਫੀ ਜਿਆਦਾ ਨੁਕਸਾਨ ਪਹੁੰਚਿਆ ਹੈ ਅਤੇ ਖੱਬੀ ਕੋਹਨੀ ਵਿਚ (ਟੇਰਿਬਲ ਟਰਾਇਡ) ਫ੍ਰੈਕਚਰ ਸੀ। ਉਨਾਂ ਦੱਸਿਆ ਕਿ ਸਿੰਗਲ ਸਟੇਜ ਸਰਜਰੀ ਦੇ ਜਰੀਏ ਉਕਤ ਮਹਿਲਾ ਦਾ ਇਲਾਜ ਸੰਭਵ ਹੋ ਪਾਇਆ ਹੈ। ਉਨਾਂ ਦੱਸਿਆ ਕਿ ਮਹਿਲਾ ਹੁਣ ਪੂਰੀ ਤਰਾਂ ਨਾਲ ਸਿਹਤਮੰਦ ਹੈ।

ਟੇਰਿਬਲ ਟਰਾਇਡ ਕੋਹਨੀ ਦੀ ਸਭ ਤੋਂ ਗੰਭੀਰ ਚੋਟਾਂ ਵਿੱਚੋਂ ਇਕ ਹੈ, ਜਿਸ ਵਿਚ ਤਿੰਨ ਕੰਪੋਨੇਟਸ ਸ਼ਾਮਲ ਹੁੰਦੇ ਹਨ, ਜਿਸ ਵਿਚ ਕੋਹਨੀ ਦਾ ਡਿਸਲੋਕੇਟ ਹੋਣਾ (ਮੂਲ ਥਾਂ ਤੋਂ ਖਿਸਕਣਾ), ਕੋਰੋਨਾਇਡ ਹੱਡੀ ਦਾ ਫ੍ਰੈਕਚਰ ਅਤੇ ਹੇਡ ਰੇਡਿਅਸ ਬੋਨ ਵਿਚ ਫ੍ਰੈਕਚਰ ਹੋਣਾ।

ਉਨਾਂ ਦੱਸਿਆ ਕਿ ਖਿਡਾਰੀਆਂ ਦੇ ਚੋਟਾਂ ਲੱਗਣਾ ਆਮ ਗੱਲ ਹੈ, ਪਹਿਲਾਂ ਕਈ ਵਾਰ ਖਿਡਾਰੀਆਂ ਨੂੰ ਗੰਭੀਰ ਚੋਟਾਂ ਲੱਗਣ ਕਾਰਨ ਆਪਣਾ ਕਰਿਅਰ ਛੱਡਣ ਲਈ ਮਜਬੂਰ ਹੋਣਾ ਪੈਂਦਾ ਸੀ, ਪਰ ਹੁਣ ਕਿਸੇ ਵੀ ਹੱਡੀ ਨਾਲ ਜੁੜੀ ਚੋਟ ਨੂੰ ਜਲਦ ਠੀਕ ਕੀਤਾ ਜਾ ਸਕਦਾ ਹੈ।

# ਸਵੇ ਰੋਜਗਾਰ ਕੈਂਪ ਦੌਰਾਨ 32 ਪ੍ਰਾਰਥੀ ਹਾਜਰ ਹੋਏ ਅਤੇ ਵਿਭਾਗਾ ਦੇ ਅਧਿਕਾਰੀਆਂ ਵੱਲੋ ਮੌਕੇ ਤੇ ਹੀ ਸਵੈ ਰੁਜਗਾਰ ਕਰਨ ਦੇ ਕੁੱਲ 06 ਚਾਹਵਾਨ ਪ੍ਰਾਰਥੀਆਂ ਦੇ ਲੋਨ ਦੇ ਫਾਰਮ ਭਰੇ ਗਏ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਸਰਕਾਰ ਦੇ ਘਰ ਘਰ ਰੋਜਗਾਰ ਯੋਜਨਾ ਤਹਿਤ ਜਿਥੇ ਨੌਜਵਾਨ ਪ੍ਰਾਰਥੀਆਂ ਨੂੰ ਰੋਜਗਾਰ ਮੁਹੱਈਆ ਕਰਵਾਇਆ ਜਾ ਰਿਹਾ ਹੈ ਉਧਰ ਦੂਜੇ ਪਾਸੇ ਜਿਹੜੇ ਪ੍ਰਾਰਥੀ ਸਵੈ-ਰੋਜਗਾਰ ਕਰਨ ਦੇ ਲਈ ਲੋਨ ਦੇ ਚਾਹਵਾਨ ਹਨ ਉਹਨਾ ਨੂੰ ਸਵੈ ਰੋਜਗਾਰ ਦੀਆਂ ਸਕੀਮਾ ਜਿਵੇ ਪਸ਼ੂ ਪਾਲਣ,ਬੱਕਰੀ ਪਾਲਣ ਅਤੇ ਡੇਅਰੀ ਦਾ ਕੰਮ ਸ਼ੁਰੂ ਕਰਨ ਲਈ ਲੋਨ ਦਿੱਤੇ ਜਾ ਰਹੇ ਹਨ। ਇਸ ਸਬੰਧ ਵਿੱਚ ਜਿਲ੍ਹਾ ਰੋਜਗਾਰ ਜਨਰੇਸ਼ਨ ਤੇ ਟ੍ਰੇਨਿੰਗ ਦਫਤਰ, ਗੁਰਦਾਸਪੁਰ ਵਿਖੇ ਮਿਤੀ 20-4-2022 ਨੂੰ ਸਵੈ ਰੋਜਗਾਰ ਦਾ ਵਿਸੇਸ਼ ਕੈਂਪ ਲਗਾਇਆ ਗਿਆ। ਸਵੇ ਰੋਜਗਾਰ ਕੈਂਪ ਦੌਰਾਨ 32 ਪ੍ਰਾਰਥੀ ਹਾਜਰ ਹੋਏ ਅਤੇ ਵਿਭਾਗਾ ਦੇ ਅਧਿਕਾਰੀਆਂ ਵੱਲੋ ਮੌਕੇ ਤੇ ਹੀ ਸਵੈ ਰੁਜਗਾਰ ਕਰਨ ਦੇ ਕੁੱਲ 06 ਚਾਹਵਾਨ ਪ੍ਰਾਰਥੀਆਂ ਦੇ ਲੋਨ ਦੇ ਫਾਰਮ ਭਰੇ ਗਏ। ਸਵੈ ਰੁਜਗਾਰ ਕੈਂਪ ਵਿੱਚ ਜੀ ਐਮ,ਡੀ ਆਈ ਸੀ,ਡੇਅਰੀ ਵਿਭਾਗ, ਪਸ਼ੂ ਪਾਲਣ ਫਿਸ਼ਰੀ ਅਤੇ ਐਸ ਸੀ ਕਾਰਪੋਰੇਸ਼ਨ ਦੇ ਵੱਖ ਵੱਖ ਅਧਿਕਾਰੀ ਸ਼ਾਮਲ ਹੋਏ। ਸਵੈ ਰੋਜਗਾਰ ਕੈਂਪ ਦੌਰਾਨ ਜਿਲ੍ਹਾ ਰੋਜਗਾਰ ਜਨਰੇਸ਼ਨ ਤੇ ਟ੍ਰੇਨਿੰਗ ਅਫਸਰ ਸ਼੍ਰੀ ਪ੍ਰਸ਼ੋਤਮ ਸਿੰਘ ਨੇ ਦੱਸਿਆ ਕਿ ਜਿਹੜੇ ਪ੍ਰਾਰਥੀ ਸਵੈ ਰੋਜਗਾਰ ਦੇ ਲਈ ਲੋਨ ਲੈ ਕੇ ਆਪਣੇ ਕੰਮ ਦੀ ਸ਼ੁਰੂਆਤ ਕਰਨਾ ਚਾਹੁੰਦੇ ਹਨ , ਉਹ ਪ੍ਰਾਰਥੀ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਪ੍ਰੋਗਰਾਮ ਅਤੇ ਸਟੈਂਡ ਅੱਪ ਇੰਡੀਆ (Prime Minister Mudra Scheme Prime Minister Empioyment Generation Programme and stand Up india) ਦੇ ਤਹਿਤ ਆਪਣਾ ਸਵੈ ਰੋਜਗਾਰ ਕਰਨ ਦੇ ਲਈ ਲੋਨ ਲੈ ਸਕਦੇ ਹਨ। ਉਹਨਾ ਅੱਗੇ ਕਿਹਾ ਕਿ ਜਿਲ੍ਹਾ ਗੁਰਦਾਸਪੁਰ ਵਿਖੇ ਜਿਹੜੇ ਲੜਕੇ ਅਤੇ ਲੜਕੀਆਂ ਸਵੈ ਰੋਜਗਾਰ ਦੇ ਲਈ ਲੋਨ ਲੈ ਕੇ ਆਪਣਾ ਸਵੈ ਰੋਜਗਾਰ ਦਾ ਕੰਮ ਸ਼ੁਰੂ ਕਰਨਾ ਚਾਹੁੰਦੇ ਹਨ ਉਹ Stand Up India ਦੇ ਤਹਿਤ ਜਿਲ੍ਹਾ ਰੋਜਗਾਰ ਜਨਰੇਸ਼ਨ ਤੇ ਟ੍ਰੇਨਿੰਗ ਦਫਤਰ ਗੁਰਦਾਸਪੁਰ ਵਿਖੇ ਹਾਜਰ ਹੋ ਕੇ ਆਪਣਾ ਲੋਨ ਫਾਰਮ ਭਰ ਸਕਦੇ ਹਨ ਅਤੇ ਇਸ ਸੁਨਿਹਰੀ ਮੌਕੇ ਦਾ ਲਾਭ ਲੈ ਸਕਦੇ ਹਨ। ਭਵਿੱਖ ਵਿੱਚ ਸਵੈ ਰੋਜਗਾਰ ਦਾ ਕੰਮ ਸ਼ੁਰੂ ਕਰਕੇ ਆਤਮ ਨਿਰਭਰ ਬਣ ਸਕਦੇ ਹਨ। ਸਟੈਂਡ ਅੱਪ ਇੰਡੀਆ ਦੇ ਤਹਿਤ ਜਿਹੜੇ ਲੜਕੇ ਅਤੇ ਲੜਕੀਆਂ 18 ਸਾਲ ਤੋ ਉੱਪਰ ਹਨ, ਉਹ ਪ੍ਰਾਰਥੀ 10 ਲੱਖ ਤੋ ਲੈ ਕੇ 1 ਕਰੋੜ ਰੁਪਏ ਦਾ ਲੋਨ ਲੈ ਕੇ ਨਿਰਮਾਣ ਵਪਾਰ ਅਤੇ ਸੇਵਾ ( Manufacturing Trading and Service) ਸੈਕਟਰ ਦੇ ਵਿੱਚ ਸਵੈ ਰੋਜਗਾਰ ਦਾ ਕੰਮ ਸ਼ੁਰੂ ਕਰ ਸਕਦੇ ਹਨ।